ਅਕਤੂਬਰ 1987
ਮੁੱਲ-ਦੋ ਰੁਪਏ
89

ਸੰਪਾਦਕੀ : ਸਾਧਾਰਨ ਬੰਦਾ ਤੇ ਇਨਕਲਾਬੀ ਸਿਆਸਤ

ਸਾਧਾਰਨ ਬੰਦਾ ਇਸ ਦੇਸ਼ ਵਿਚ ਹਰ ਖੇਤ੍ਰ ਵਿਚ ਪੂਰੀ ਤਰ੍ਹਾਂ ਮਾਰ ਵੀ ਖਾ ਰਿਹਾ ਹੈ ਤੇ ਧੋਖਾ ਵੀ ਖਾ ਰਿਹਾ ਹੈ। ਪਿਛਲੇ ਦਿਨਾਂ ਵਿਚ ਟੈਲੀਵੀਜ਼ਨ ਪ੍ਰੋਗਰਾਮਾਂ ਵਿਚ ਸਾਡੇ ਪ੍ਰਧਾਨ ਮੰਤਰੀ ਦੇ ਸੋਕਾ ਪੀੜਤ ਇਲਾਕਿਆਂ ਦੇ ਬੜੇ ਦੌਰੇ ਦਿਖਾਏ ਗਏ ਹਨ। ਉਹ ਕਾਲ ਦੇ ਮਾਰੇ, ਹੱਡੀਆਂ ਦੇ ਮੁੱਠ ਕਿਸੇ ਬੰਦੇ ਨਾਲ ਵਾਰਤਾਲਾਪ ਕਰ ਰਹੇ ਹਨ।

ਪ੍ਰਧਾਨ ਮੰਤਰੀ : ਐਸਾ ਸੂਖਾ ਤੁਮ ਨੇ ਕਭੀ ਦੇਖਾ ?

ਸਾਧਾਰਨ ਬੰਦਾ : ਨਹੀਂ ਐਸਾ ਸੂਖਾ ਹਮ ਨੇ ਕਭੀ ਨਹੀਂ ਦੇਖਾ।

ਪ੍ਰਧਾਨ ਮੰਤਰੀ : ਤੁਮ੍ਹੇ ਕੋਈ ਤਕਲੀਫ ਤੋ ਨਹੀਂ ?

ਸਾਧਾਰਨ ਬੰਦਾ : ਨਹੀਂ ਹਮੇਂ ਕੋਈ ਤਕਲੀਫ ਨਹੀਂ। ਸਰਕਾਰ ਹਮਾਰਾ ਬੜਾ ਖਿਆਲ ਰਖ ਰਹੀ ਹੈ। ਹਮੇਂ ਖਾਨਾ ਦੇ ਰਹੀ ਹੈ। ਹਮਾਰੇ ਗਾਈ ਬਛੜੋਂ ਕੋ ਚਾਰਾ ਦੇ ਰਹੀ ਹੈ।

ਤੇ ਫਿਰ ਪ੍ਰਧਾਨ ਮੰਤਰੀ ਦਾ ਭਾਸ਼ਨ : ਚਾਹੇ ਸੂਖਾ ਬਹੁਤ ਪੜਾ ਹੈ, ਮਗਰ ਹਮ ਦੇਖੇਂਗੇ ਕਿ ਏਕ ਭੀ ਲੋਕ ਭੂਖ ਸੇ ਨਾ ਮਰੇ। ਜਿਸ ਰਾਤ ਟੀ. ਵੀ. ਤੇ ਇਹ ਬਿਆਨ ਆਇਆ, ਉਸਤੋਂ ਅਗਲੇ ਦਿਨ ਸਵੇਰੇ ਅਖਬਾਰ ਵਿਚ ਇਹ ਖਬਰ ਸੀ ਕਿ ਉੜੀਸਾ ਦੇ ਇਕ ਦਿਹਾਤੀ ਬਲਾਕ ਵਿਚ ਕਾਲ ਦੀ ਸਥਿਤੀ ਕਰਕੇ 179 ਲੋਕਾਂ ਦੀ ਮੌਤ ਹੋ ਗਈ। ਪ੍ਰੈਸ ਅਤੇ ਸਰਕਾਰੀ ਬੁਲਾਰੇ ਦਰਮਿਆਨ ਹੇਠ ਲਿਖੀ ਵਾਰਤਾਲਾਪ ਹੋਈ :-

ਪ੍ਰੈਸ : ਪ੍ਰਧਾਨ ਮੰਤਰੀ ਦਾ ਏਲਾਨ ਹੈ ਕਿ ਇਕ ਵੀ ਬੰਦਾ ਭੁੱਖ ਨਾਲ ਨਹੀਂ ਮਰਨ ਦਿਤਾ ਜਾਏਗਾ, ਪਰ 179 ਲੋਕਾਂ ਦੀ ਮੌਤ ਹੋ ਗਈ ਹੈ।

ਸਰਕਾਰੀ ਬੁਲਾਰਾ : ਇਹ ਮੌਤਾਂ ਭੁੱਖ ਨਾਲ ਨਹੀਂ ਹੋਈਆਂ, ਸਗੋਂ ਪੇਟ ਦੀ ਬਿਮਾਰੀ ਨਾਲ ਹੋਈਆਂ ਹਨ।

ਪ੍ਰੈਸ : ਪਰ ਪੇਟ ਦੀ ਬਿਮਾਰੀ ਤਾਂ ਹੋਈ ਕਿ ਉਹਨਾਂ ਨੂੰ ਭੁੱਖ ਦੀ ਮਜਬੂਰੀ ਕਰਕੇ ਮੁਰਦਾ ਡੰਗਰਾਂ ਦਾ ਮਾਸ ਖਾਣਾ ਪਿਆ।

ਸਰਕਾਰੀ ਬੁਲਾਰਾ : ਪਰ ਟੈਕਨੀਕਲੀ ਉਹ ਬਿਮਾਰ ਹੋ ਕੇ ਮਰੇ ਹਨ, ਇਸ ਲਈ ਅਸੀਂ ਦਾਅਵੇ ਨਾਲ ਕਹਿਣੇ ਹਾਂ ਕਿ ਸਾਡੀ ਸਰਕਾਰ ਇਕ ਵੀ ਬੰਦੇ ਨੂੰ ਭੁੱਖ ਨਾਲ ਨਹੀਂ ਮਰਨ ਦੇਵੇਗੀ। **ਸਾਧਾਰਨ ਬੰਦੇ ਨਾਲ ਬੜੀ ਬੇਸ਼ਰਮੀ ਨਾਲ ਇਕ ਧੋਖਾ ਹੋ ਗਿਆ।**

## ਇਸ ਅੰਕ ਵਿਚ

o ਸੰਪਾਦਕੀ : ਸਾਧਾਰਨ ਬੰਦਾ ਤੇ ਇਨਕਲਾਬੀ ਸਿਆਸਤ
o ਪੰਜਾਬ : ਦੇਸ਼ ਦੇ ਨਾਂ ਇਕ ਰੀਪੋਰਟ
o ਨਾਟਕ : ਤਸਵੀਰਾਂ/ਗੁਰਸ਼ਰਨ ਸਿੰਘ
o "ਪੈਗਾਮ" ਵਿਰੁੱਧ ਦਬਾਊ ਕਾਰਵਾਈ ਦੀ ਨਿਖੇਧੀ
o ਪਾਠਕ ਲੇਖਕ ਫੋਰਮ : ਪੰਜਾਬ ਸਮੱਸਿਆ ਪ੍ਰਤੀ ਜਮਹੂਰੀ ਮੋਰਚੇ ਦੀ ਲੋੜ/ਜਸਵੰਤ ਸਿੰਘ ਖਾਲੜਾ o ਇਕ ਚਿੱਠੀ/ਅੰਗਰੇਜ਼ ਸਿੰਘ ਸਿੱਧੂ
o ਪਲਸ ਮੰਚ ਦਾ ਲੁਧਿਆਣਾ ਸਮਾਗਮ : ਇਕ ਰੀਪੋਰਟ
o ਇਕ ਕਵਿਤਾ/ਉਹ ਤੁਰ ਗਿਆ ਹੈ/ਪ੍ਰੋ. ਹਮਦਰਦਵੀਰ ਨੌਸ਼ਹਿਰਵੀ -

23 ਅਗਸਤ ਐਤਵਾਰ ਅੰਮ੍ਰਿਤਸਰ ਦੀ ਇਕ ਸੜਕ ਤੇ ਇਕ ਸਾਧਾਰਨ ਬੰਦਾ ਸਰਦੂਲ ਸਿੰਘ ਸਕੂਟਰ 'ਤੇ ਜਾ ਰਿਹਾ ਸੀ। ਸਕੂਟਰ ਤੇਜ਼ ਰਫਤਾਰ ਵਿਚ ਸੀ ਤੇ ਬਰੇਕ ਲਗਾਉਣ ਦੇ ਬਾਵਜੂਦ ਸੜਕ ਪਾਰ ਕਰਦੀ ਇਕ ਔਰਤ ਇਸ ਸਕੂਟਰ ਨਾਲ ਟੱਕਰਾ ਗਈ। ਭੀੜ ਇਕੱਠੀ ਹੋਈ ਭੀੜ ਨੂੰ ਗੁੱਸਾ ਸੀ ਅਤੇ ਜਾਇਜ਼ ਗੁੱਸਾ ਸੀ ਕਿ ਸਕੂਟਰ ਵਾਲੇ ਨੇ ਬੇਪ੍ਰਵਾਹੀ ਨਾਲ ਸਕੂਟਰ ਚਲਾਇਆ ਭੀੜ ਦੇ ਗੁੱਸੇ ਤੋਂ ਡਰਦਾ ਸਰਦੂਲ ਸਿੰਘ ਘਬਰਾ ਗਿਆ, ਉਹਨੇ ਸਕੂਟਰ ਸਟਾਰਟ ਕਰਕੇ ਨੱਸਣ ਦੀ ਕੀਤੀ। ਪੁਲਸ ਅਤੇ ਸੀ. ਆਰ. ਪੀ. ਦੀ ਇਕ ਟੁੱਕੜੀ ਪੁੱਜ ਗਈ। ਭੀੜ ਵਿਚੋਂ ਕਿਸੇ ਨੇ (ਸ਼ਾਇਦ ਸ਼ਰਾਰਤ ਨਾਲ ਹੀ) ਆਵਾਜ਼ ਦੇ ਦਿਤੀ ਕਿ ਅਤਿਵਾਦੀ ਸਕੂਟਰ ਤੇ ਨੱਸ ਗਿਆ ਹੈ। ਪੁਲਸੀ ਸੂਰਮੇ ਪਿਛਾ ਕਰਦੇ ਹਨ। ਉਹਨੂੰ ਫੜ ਲੈਂਦੇ ਹਨ। ਥੱਲੇ ਡੇਗਕੇ ਰਾਈਫਲ ਦੇ ਬੱਟ ਨਾਲ ਉਹਦੀ ਕੁਟਾਈ ਕਰਦੇ ਹਨ। ਰਾਈਫਲ ਦਾ ਘੋੜਾ ਅਚਾਨਕ ਦੱਬਿਆ ਜਾਂਦਾ ਹੈ। ਬੱਟ ਨਾਲ ਕੁੱਟਦੇ ਸਿਪਾਹੀ ਦੇ ਮੱਥੇ ਤੇ ਗੋਲੀ ਲਗ ਜਾਂਦੀ ਹੈ। ਉਹ ਥਾਂ ਸਿਰ ਮਰ ਜਾਂਦਾ ਹੈ। ਸੀ. ਆਰ. ਪੀ. ਵਾਲਾ ਸਮਝਦਾ ਹੈ ਕਿ ਅਤਿਵਾਦੀ ਨੇ ਗੋਲੀ ਚਲਾਈ ਹੈ, ਉਹ ਸਰਦੂਲ ਸਿੰਘ ਨੂੰ ਗੋਲੀ ਦਾ ਨਿਸ਼ਾਨਾ ਬਣਾਉਂਦਾ ਹੈ ਤੇ ਚਿਤ ਕਰ ਦੇਂਦਾ ਹੈ। ਐਸ. ਐਸ. ਪੀ ਇਹ ਬਿਆਨ ਦੇਂਦਾ ਹੈ ਕਿ ਇਕ ਖਤਰਨਾਕ ਅਤਿਵਾਦੀ (ਏ ਕਲਾਸ ਜਾਂ ਬੀ ਕਲਾਸ) ਸਾਡੀ ਪੁਲੀਸ ਨੇ ਭਜਦਾ ਹੋਇਆ ਮਾਰ ਦਿਤਾ। ਸਰਦੂਲ ਸਿੰਘ ਦੇ ਮਹੱਲੇ ਦੇ ਲੋਕ (ਕਾਂਗੜਾ ਕੋਲੋਨੀ, ਅੰਮ੍ਰਿਤਸਰ) ਹਜ਼ਾਰਾਂ ਦੇ ਜਲੂਸ ਦੀ ਸ਼ਕਲ ਵਿਚ ਡੀ. ਸੀ. ਨੂੰ ਮਿਲਦੇ ਹਨ ਤੇ ਉਹਨੂੰ ਦਸਦੇ ਹਨ ਕਿ ਸਰਦੂਲ ਸਿੰਘ ਠੇਕੇਦਾਰੀ ਕਰਦਾ ਇਕ ਸਾਧਾਰਨ ਸ਼ਹਿਰੀ ਸੀ, ਉਹ ਕੋਈ ਅਤਿਵਾਦੀ ਨਹੀਂ ਸੀ। ਡੀ. ਸੀ. ਨੂੰ ਸੱਚ ਪਤਾ ਲੱਗ ਜਾਂਦਾ ਹੈ ਪਰ ਉਸ ਵਿਚ ਇਖਲਾਕੀ ਜੁਰੱਅਤ ਨਹੀਂ ਕਿ ਉਹ ਰੀਬੇਰੋ ਦੀ ਅਗਵਾਈ ਵਿਚ ਕੰਮ ਕਰ ਰਹੇ ਕਿਸੇ ਪੁਲਸੀ ਕਰਮਚਾਰੀ ਦੀ ਨਿਖੇਧੀ ਕਰ ਸਕੇ। ਉਹ 'ਇਨਕੁਆਇਰੀ' ਦਾ ਵਾਹਦਾ ਦੇ ਕੇ ਭੀੜ ਨੂੰ ਵਾਪਸ ਭੇਜ ਦੇਂਦਾ ਹੈ। ਇਖਲਾਕੀ ਜੁਰੱਅਤ ਹੁੰਦੀ ਤਾਂ ਉਹ ਆਸਾਨੀ ਨਾਲ ਕਹਿ ਸਕਦਾ ਸੀ ਕਿ ਪੰਜਾਬ ਦੇ ਖਿਚਾਅ ਵਾਲੇ ਵਾਤਾਵਰਨ ਵਿਚ ਇਹੋ ਜਿਹਾ ਹਾਦਸਾ ਹੋਣਾ ਕੋਈ ਅਣਹੋਣੀ ਗੱਲ ਨਹੀਂ ਤੇ ਉਹ ਸਰਕਾਰ ਵਲੋਂ ਮੁਆਫੀ ਮੰਗਣ ਦੇ ਸ਼ਬਦ ਵੀ ਕਹਿ ਸਕਦਾ ਸੀ। ਪਰ ਨਹੀਂ ਜੇ ਝੂਠ ਇਕ ਵਾਰੀ ਬੋਲਿਆ ਗਿਆ ਹੈ ਤਾਂ ਉਸ ਤੇ ਕਾਇਮ ਰਹਿਣਾ ਜ਼ਰੂਰੀ ਹੈ। ਇਸ ਨੰਗੇ ਝੂਠ ਤੇ ਜਿਸ ਢੀਠਤਾਈ ਨਾਲ ਪਰਦਾ ਪਾਇਆ ਗਿਆ, ਉਸਦੀ ਰੌਸ਼ਨੀ ਵਿਚ ਅਗਰ ਕੋਈ ਸਰਕਾਰ ਵਲੋਂ ਮਾਰੇ ਜਾਣ ਵਾਲਿਆਂ ਅਤਿਵਾਦੀਆਂ ਬਾਰੇ ਕਿਸੇ ਬਿਆਨ 'ਤੇ ਇਤਬਾਰ ਨਹੀਂ ਕਰਦਾ ਤਾਂ ਕੋਈ ਅਣਹੋਣੀ ਗੱਲ ਨਹੀਂ। ਪਰ ਸਰਕਾਰ ਨੂੰ ਇਸਦੀ ਕੀ ਪਰਵਾਹ ਹੈ, ਕਿਉਂਕਿ ਮਰਨ ਵਾਲਾ **ਇਕ ਸਾਧਾਰਨ ਬੰਦਾ** ਸੀ।

ਜਦੋਂ ਦਾ ਹਰਜਿੰਦਰ ਸਿੰਘ ਜਿੰਦਾ ਦਿੱਲੀ ਫੜਿਆ ਗਿਆ ਹੈ, ਸਰਕਾਰੀ ਹਲਕਿਆਂ ਵਿਚ ਬੜੀ ਖੁਸ਼ੀ ਹੈ। ਬਿਆਨੋਂ ਤੇ ਬਿਆਨ ਆ ਰਿਹਾ ਹੈ ਕਿ ਅਤਿਵਾਦੀ ਹੁਣ ਆਖਰੀ ਦਮਾਂ ਤੇ ਹਨ। ਉਹ ਹੁਣ ਖਤਮ ਹੋਏ ਕਿ ਹੋਏ। ਉਹ ਵੀ ਅਗੋਂ ਅਪਣੇ ਪੈਰੋਕਾਰਾਂ ਦਾ ਮਨੋਬਲ ਕਾਇਮ ਰਖਣ ਲਈ ਸਗੋਂ ਬਹੁਤੀ ਸਰਗਰਮੀ ਨਾਲ ਹਰਕੱਤ ਵਿਚ ਆ ਗਏ ਹਨ। ਉਹਨਾਂ ਦਾ ਏਲਾਨੀਆਂ ਨਿਸ਼ਾਨਾ ਹੈ **ਸਾਧਾਰਨ ਹਿੰਦੂ**। ਸ਼ਾਮ ਨੂੰ ਬਾਜ਼ਾਰ ਵਿਚ ਦੁਕਾਨ ਬੰਦ ਕਰਦੇ ਹੋਏ ਕੋਈ ਲਛਮੀ ਨਰਾਇਨ, ਕੋਈ ਬਿੱਧੀ ਚੰਦ, ਦਿਨ ਦਾ ਕਾਰੋਬਾਰ ਸਮੇਟਦੇ ਹੋਏ ਕੋਈ ਰੇੜੀ ਵਾਲੇ ਲੱਖੀ ਰਾਮ, ਕਿਸ਼ਨ ਲਾਲ, ਸਕੂਲਾਂ ਵਿਚ ਪੜ੍ਹਾ ਰਹੇ ਟੀਚਰ ਖੁਰਾਨਾ, ਸਹਿਗਲ ਆਦਿਕ। ਇਹ ਗੁਰੂ ਦੇ ਕਹਿੰਦੇ ਕਹਿਲਾਂਦੇ ਸਿੰਘ ਮਾਰ ਪੁਲਸ ਕੋਲੋਂ ਖਾਂਦੇ ਹਨ ਪਰ ਬਦਲਾ ਲੈਣ ਵੇਲੇ **ਨਿਹੱਥੇ ਸਾਧਾਰਨ ਹਿੰਦੂ** ਹੀ ਇਹਨਾਂ ਨੂੰ ਲਭਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨਾਲ ਜਿੰਨੀ ਬੇਇਨਸਾਫੀ ਇਹਨਾਂ ਸਿੰਘਾਂ ਨੇ ਕੀਤੀ ਹੈ, ਨਾ ਪਹਿਲੇ 300 ਸਾਲ ਹੋਈ ਹੈ ਤਾਂ ਨਾ ਹੀ ਸ਼ਾਇਦ ਅਗੇ ਹੋਵੇ। ਵਾਹ ਖਾਲਸਾ ਜੀ ਵਾਹ, ਨਾਂ ਲੈਣਾ ਗੁਰੂ ਗੋਬਿੰਦ ਸਿੰਘ ਜੀ ਦਾ ਤੇ ਕੰਮ ਕਰਨੇ ਆਹ। ਸਿੰਘ ਸਾਹਿਬਾਨ ਇਹਨਾਂ ਨੌਜਵਾਨਾਂ ਬਾਰੇ ਫਤਵਾ ਦੇਂਦੇ ਹਨ 'ਇਹ ਨੌਜਵਾਨ ਸਿਖ ਭਾਈਚਾਰੇ ਨੂੰ ਹੁਣ ਅਗਵਾਈ ਦੇਣਗੇ।' ਇਸ ਅਗਵਾਈ ਵਿਚ ਜਿਥੇ **ਸਾਧਾਰਨ ਹਿੰਦੂ** ਇਕ ਪ੍ਰੋਗਰਾਮ ਅਧੀਨ ਮਾਰੇ ਜਾਣਗੇ ਉਥੇ **ਸਾਧਾਰਨ ਸਿੱਖਾਂ** ਨੂੰ ਇਹਦੀ ਬੜੀ ਭਾਰੀ ਕੀਮਤ ਦੇਣੀ ਪਏਗੀ ਭਾਵੇਂ ਉਹ ਖੇਤਾਂ ਵਿਚ ਕੰਮ ਕਰ ਰਹੇ ਹਨ, ਵਪਾਰ ਕਰ ਰਹੇ ਹਨ, ਦਫਤਰਾਂ ਵਿਚ ਕੰਮ ਕਰ ਰਹੇ ਹਨ ਜਾਂ ਫੌਜ ਵਿਚ ਨੌਕਰੀ ਕਰ ਰਹੇ ਹਨ।

ਗੱਲ ਕੀ ਕਚੈਹਰੀਆਂ ਹੋਣ, ਰੇਲ ਗੱਡੀਆਂ ਵਿਚ ਸਫਰ ਹੋਵੇ, ਹਸਪਤਾਲਾਂ ਵਿਚ ਇਲਾਜ ਦੀ ਗੱਲ ਹੋਵੇ, ਥਾਣੇ ਹੋਣ, ਪੁਲਸ ਵਲੋਂ ਮਾਰੇ ਜਾਣ ਵਾਲੇ ਹੋਣ, ਅਤਿਵਾਦੀਆਂ ਦੇ ਹਥੋਂ ਮਾਰੇ ਜਾਣ ਵੇਲੇ ਹੋਣ, ਹਰ ਥਾਂ ਦੁਰਗੱਤੀ ਸਾਧਾਰਨ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਿਤ ਕੀਤਾ ਅਤੇ ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾ: ਖਾਲਸਾ ਕਾਲਜ, ਅੰਮ੍ਰਿਤਸਰ-143002 : ਸਾਲਾਨਾ ਚੰਦਾ: 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

ਬੰਦਿਆਂ ਦੀ ਹੀ ਹੁੰਦੀ ਹੈ।

ਇਹਨਾਂ ਸਾਧਾਰਨ ਬੰਦਿਆਂ ਦੀ ਮੁੱਕਤੀ ਤਾਂ ਹੀ ਹੋ ਸਕਦੀ ਹੈ, ਜੇਕਰ ਇਸ ਸਮਾਜ ਦੇ ਬੁਨਿਯਾਦੀ ਢਾਂਚੇ ਵਿਚ ਇਨਕਲਾਬੀ ਤਬਦੀਲੀਆਂ ਹੋਣ। ਇਥੇ ਇਨਕਲਾਬ ਦੀ ਗੱਲ ਆਂਦੀ ਹੈ। ਇਹ ਇਨਕਲਾਬ ਤਾਂ ਹੀ ਆ ਸਕੇਗਾ ਕਿ ਜੇ ਸਾਧਾਰਨ ਲੋਕ ਉਹਦੇ ਬਾਰੇ ਜਾਗਰੂਕ ਹੋਣ। ਉਹਨਾਂ ਵਿਚ ਇਨਕਲਾਬ ਦੀ ਲੋੜ ਸੌਖੇ ਤਰੀਕੇ ਨਾਲ ਜਾਏ। ਇਸੇ ਨੁੱਕਤੇ ਤੇ ਆਕੇ ਇਨਕਲਾਬ ਦੇ ਦਾਅਵੇਦਾਰਾਂ ਨੇ ਬੜਾ ਭਾਰੀ ਟੱਪਲਾ ਖਾਧਾ ਹੋਇਆ ਹੈ। ਉਹਨਾਂ ਨੇ ਆਪਸੀ ਬਹਿਸ ਵਿਚ ਇਨਕਲਾਬ ਨੂੰ ਇਸ ਤਰ੍ਹਾਂ ਉਲਝਾਇਆ ਹੋਇਆ ਹੈ ਕਿ ਸਾਧਾਰਨ ਬੰਦਾ ਇਹ ਪ੍ਰਭਾਵ ਲੈਂਦਾ ਹੈ ਕਿ ਇਹ ਤਾਂ ਬਹੁਤ ਹੀ ਕੋਈ ਔਖਾ ਪੈਂਡਾ ਹੈ, ਜਿਹੜਾ ਪੀੜੀਆਂ ਦਰ ਪੀੜੀਆਂ ਲਗੇ ਰਹੋ ਕਦੀ ਮੁਕਣਾ ਨਹੀਂ। ਸੋ ਜੋ ਕੁਝ ਵਾਪਰ ਰਿਹਾ ਹੈ, ਉਹਦੇ ਵਿਚ ਦਖਲ ਅੰਦਾਜ਼ੀ ਨਹੀਂ ਹੋ ਸਕਦੀ ਕਿਉਂਕਿ ਇਨਕਲਾਬੀ ਸਥਿਤੀ ਹਾਲੀ ਪੱਕੀ ਨਹੀਂ। ਇਹ ਸਾਧਾਰਨ ਬੰਦਿਆਂ ਨਾਲ ਇਕ ਹੋਰ ਧੋਖਾ ਹੈ। ਇਹ ਠੀਕ ਹੈ ਕਿ ਇਨਕਲਾਬ ਪਲੇਟ ਵਿਚ ਪਿਆ ਕੋਈ ਲੱਡੂ ਨਹੀਂ ਹੈ ਜੋ ਚੁਕੋ, ਖਾਓ ਤੇ ਇਨਕਲਾਬ ਹੋ ਜਾਏਗਾ; ਪਰ ਇਸ ਦੇ ਉਲਟ ਇਹੋ ਜਿਹੀ ਔਖੀ ਚੀਜ਼ ਵੀ ਨਹੀਂ ਕਿ ਇਹ ਸਿਰਫ ਕੁਝ ਪੇਸ਼ਾਵਰ ਇਨਕਲਾਬੀਆਂ ਦੀ ਇਜਾਰੇਦਾਰੀ ਹੋ ਕੇ ਰਹਿ ਜਾਵੇ ਤੇ ਸਾਧਾਰਨ ਬੰਦਿਆਂ ਦੀ ਪਕੜ ਤੋਂ ਬਾਹਰ ਹੀ ਰਹੇ।

ਅੱਜ ਦੇਸ਼ ਵਿਚ ਵੱਡੀ ਬੇਚੈਨੀ ਹੈ। ਥਾਂ ਥਾਂ ਤੋਂ ਆਵਾਜ਼ਾਂ ਉੱਠ ਰਹੀਆਂ ਹਨ। ਸਰਕਾਰੀ ਅਦਾਰਿਆਂ ਵਿਚ ਭ੍ਰਿਸ਼ਟਾਚਾਰੀ ਖਤਮ ਕਰੋ, ਰਾਜੀਵ ਨੂੰ ਹਟਾਉ, ਪੰਜਾਬ ਮਸਲੇ ਦਾ ਸਿਆਸੀ ਹੱਲ ਕਰੋ, ਝੂਠੇ ਪੁਲਸ ਮੁਕਾਬਲੇ ਬੰਦ ਕਰੋ, ਨਿਹੱਥਿਆਂ ਨੂੰ ਮਾਰਨ ਵਾਲੇ ਅਤਿਵਾਦੀ ਟੋਲੇ ਮੁਰਦਾਬਾਦ, ਹਰ ਇਕ ਨੂੰ ਰੁਜ਼ਗਾਰ ਸਾਡਾ ਵਿਧਾਨਕ ਹੱਕ ਹੈ, ਡਾਕਟਰਾਂ ਅਤੇ ਨਰਸਾਂ ਦੀਆਂ ਹੱਕੀ ਮੰਗਾਂ ਕਬੂਲ ਕਰੋ, ਘੱਟ ਗਿਣਤੀ ਦੇ ਧਰਮ ਦੇ ਲੋਕਾਂ ਦੇ ਸਭਿਆਚਾਰ ਦੀ ਰਾਖੀ ਕਰੋ, ਜ਼ਾਤਪਾਤ ਦੇ ਵਿਤਕਰੇ ਬੰਦ ਕਰੋ, ਚੋਣਾਂ ਵਿਚ ਖਰਚਿਆਂ ਉਤੇ ਪਾਬੰਦੀ ਲਗਾਓ, ਚੋਣਾਂ ਵਿਚ ਪੈਸੇ ਦਾ ਪ੍ਰਭਾਵ ਖਤਮ ਕਰਣ ਲਈ ਚੋਣ ਪ੍ਰਣਾਲੀ ਵਿਚ ਸੋਧਾਂ ਕਰੋ, ਕਾਲੇ ਕਾਨੂੰਨ ਖਤਮ ਕਰੋ—ਇਲਾਕਾਈ ਖੁਦ ਮੁਖਤਿਆਰੀ ਫੌਰੀ ਦੇਵੋ—ਇਹਨਾਂ ਆਵਾਜ਼ ਨੂੰ ਇਨਕਲਾਬੀ ਸਿਆਸਤ ਦਾ ਭਾਗ ਬਣਾਉਂਦਿਆਂ ਸਾਧਾਰਨ ਲੋਕਾਂ ਨੂੰ ਇਨਕਲਾਬ ਵਲ ਲਿਜਾਣਾ ਸਮੇਂ ਦੀ ਲੋੜ ਹੈ ਤੇ ਇਹ ਸਿਆਸਤ ਬਿਲਕੁਲ ਸਾਧਾਰਨ ਬੰਦੇ ਦੀ ਪਕੜ ਵਿਚ ਹੈ। **ਇਨਕਲਾਬ ਨੂੰ ਜਨ ਅੰਦੋਲਨ (ਅਵਾਮੀ ਤਹਿਰੀਕ) ਬਣਾ ਕੇ ਹੀ ਅਸੀਂ ਸਾਧਾਰਨ ਬੰਦੇ ਦੀ ਮੁਕਤੀ ਕਰ ਸਕਾਂਗੇ।**

ਗੁਰਸ਼ਰਨ ਸਿੰਘ

---

## ਪੰਜਾਬ : ਦੇਸ਼ ਦੇ ਨਾਂ ਇਕ ਰਿਪੋਰਟ

**(ਭਾਰਤ ਦੀਆਂ ਜਮਹੂਰੀ ਹੱਕਾਂ ਲਈ ਕੰਮ ਕਰ ਰਹੀਆਂ ਸੰਸਥਾਵਾਂ ਦੀ ਆਲ ਇੰਡੀਆ ਫੈਡਰੇਸ਼ਨ ਵਲੋਂ)**

ਭਾਰਤ ਭਰ ਦੇ ਜਮਹੂਰੀਅਤ ਪਸੰਦ ਲੋਕ ਪੰਜਾਬ ਵਿਚ ਜੋ ਕੁਝ ਵਾਪਰ ਰਿਹਾ ਹੈ, ਉਹਦੇ ਬਾਰੇ ਬੜੇ ਫਿਕਰਮੰਦ ਹਨ। ਦਹਿਸ਼ਤਗਰਦੀ ਨੂੰ ਦਬਾਉਣ ਦੇ ਨਾਂ ਥਲੇ ਜੋ ਕਾਲੇ ਤੋਂ ਕਾਲਾ ਬਿਲ ਭਾਰਤ ਦੀ ਪਾਰਲੀਮੈਂਟ ਵਿਚ ਬਹੁ-ਗਿਣਤੀ ਦੇ ਧੱਕੇ ਨਾਲ ਪਾਸ ਕੀਤਾ ਜਾ ਰਿਹਾ ਹੈ, ਉਹ ਇਕ ਜਮਹੂਰੀ ਪ੍ਰਬੰਧ ਦੇ ਦੇਸ਼ ਨੂੰ ਨੰਗੀ ਚਿੱਟੀ ਫਾਸ਼ੀਵਾਦ ਵੱਲ ਵਧਾਉਣ ਦੀ ਪੇਸ਼ ਕਰਦੀ ਹੈ। AIFOFDR ਜਿਹੜੀ ਕਿ ਭਾਰਤ ਦੀਆਂ ਜਮਹੂਰੀ ਹੱਕਾਂ ਲਈ ਕੰਮ ਕਰ ਰਹੀਆਂ ਸੰਸਥਾਵਾਂ ਦੀ ਇਕ ਸਾਂਝੀ ਜਥੇਬੰਦੀ ਹੈ, ਉਹਦੇ ਵਲੋਂ ਪੰਜਾਬ ਦੇ ਹਾਲਾਤ ਦੀ ਸਚਾਈ ਜਾਨਣ ਲਈ ਇਕ ਆਲ ਇੰਡੀਆ ਟੀਮ ਪੰਜਾਬ ਭੇਜੀ ਗਈ ਸੀ। ਇਸ ਟੀਮ ਦੀ ਮਹਿਮਾਨ ਨਿਵਾਜ਼ੀ ਦੇ ਫਰਜ਼ ਪੰਜਾਬ ਦੀ ਜਮਹੂਰੀ ਅਧਿਕਾਰ ਸਭਾ ਨੇ ਨਿਭਾਏ, ਇਸ ਟੀਮ ਨੇ, ਜਿਸ ਵਿਚ ਮਹਾਂਰਾਸ਼ਟਰ, ਆਂਧਰਾ, ਉੜੀਸਾ, ਤਾਮਿਲਨਾਡੂ ਅਤੇ ਪੰਜਾਬ ਦੇ ਲੋਕ ਸ਼ਾਮਲ ਸਨ, ਉਹਨਾਂ ਨੇ ਜੂਨ 1987 ਦੇ ਮਹੀਨੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਦੀਆਂ 28 ਥਾਵਾਂ ਦਾ ਦੌਰਾ ਕੀਤਾ। ਉਹਨਾਂ ਵਲੋਂ ਆਪਣੇ ਦੌਰੇ ਦੇ ਬਾਅਦ ਦੀ ਇਕ ਰਿਪੋਰਟ ਛਾਪੀ ਜਾ ਰਹੀ ਹੈ। ਇਸ ਰੀਪੋਰਟ ਦੇ ਕੁਝ ਅੰਸ਼ ਜੋ AIFOFDR ਦੇ ਬੁਲਾਰੇ 'ਜਮਹੂਰੀ ਹੱਕਾਂ ਦੀ ਰਖਵਾਲੀ ਲਈ' ਮੈਗਜ਼ੀਨ ਵਿਚ ਛੱਪੇ ਹਨ, ਉਹ ਅਸੀਂ ਸਮਤਾ ਦੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ/ਸੰਪਾਦਕ

---

### ਦੋ ਕਾਤਲ ਟੋਲੇ

ਸ਼ੁਰੂ ਵਿਚ ਹੀ ਅਸੀਂ ਚਾਰ ਘਟਨਾਵਾਂ ਦਾ ਜ਼ਿਕਰ ਕਰਦੇ ਹਾਂ:

ਇਸ ਸਾਲ 17 ਅਪ੍ਰੈਲ ਰਾਤ ਪੌਣੇ ਅੱਠ ਵਜੇ ਦੇ ਕਰੀਬ ਅਤਿਵਾਦੀ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਵਾਨੀਕੇ ਦੇ ਸਾਬਕਾ ਸਰਪੰਚ ਬਾਲ ਕ੍ਰਿਸ਼ਨ ਦੇ ਘਰ ਆਏ

ਅਤੇ ਬੰਦੂਕ ਦੀ ਨੋਕ ਤੇ ਉਹਦੇ ਕੋਲੋਂ ਮੰਗ ਕੀਤੀ ਕਿ ਉਹ ਉਹਨਾਂ ਨੂੰ ਇਕ ਵਿਸ਼ੇਸ਼ ਹਿੰਦੂ ਘਰ ਵਿਚ ਲੈ ਜਾਏ। ਜਦੋਂ ਬਾਲ ਕਿਸ਼ਨ ਨੇ ਉਹਨਾਂ ਨੂੰ ਘਰ ਦੱਸਿਆ ਤਾਂ ਉਹਨਾਂ ਨੇ ਹੁਕਮ ਦਿਤਾ ਕਿ ਉਹ ਘਰ ਵਾਲਿਆਂ ਨੂੰ ਬਾਹਰ ਆਉਣ ਲਈ ਆਵਾਜ਼ ਦੇਵੇ। ਬਾਲਕਿਸ਼ਨ ਨੇ ਇਹ ਕਰਨ ਤੋਂ ਇਨਕਾਰ ਕੀਤਾ। ਅਤਿਵਾਦੀ ਆਪ ਹੀ ਕੰਧ ਟੱਪ ਗਏ ਤੇ ਉਹਨਾਂ ਟੱਬਰ ਦੇ ਇਕ ਮੈਂਬਰ ਨੂੰ ਵਿਹੜੇ ਵਿਚ ਹੀ ਨੱਪ ਲਿਆ ਅਤੇ ਉਹਦੇ ਨਾਲ ਹੀ ਘਰ ਵਿਚ ਦਾਖਲ ਹੋਏ ਅਤੇ ਤਿੰਨ ਭਰਾਵਾਂ ਨੂੰ ਜੋ ਕਿ ਪਿੰਡ ਵਿਚ ਇਕ ਕਰਿਆਨੇ ਦੀ ਦੁਕਾਨ ਕਰਦੇ ਸਨ, ਇਕ ਲਾਈਨ ਵਿਚ ਖੜਾ ਕਰ ਲਿਆ। ਉਹਨਾਂ ਦੀ ਮਾਂ ਨੇ ਉਹਨਾਂ ਦਾ ਰੋਂਦਿਆਂ ਤਰਲਾ ਕੀਤਾ ਕਿ ਉਹ ਉਹਨਾਂ ਨੂੰ ਨਾਂ ਮਾਰਨ। ਉਹਨੇ ਬੜੇ ਜਫਰ ਜਾਲਕੇ ਉਹਨਾਂ ਨੂੰ ਪਾਇਆ ਹੈ। ਪਰ ਕਾਤਲਾਂ ਨੇ ਉਹਦੀ ਕੋਈ ਗੱਲ ਨਾ ਸੁਣੀ ਅਤੇ ਤਿੰਨਾਂ ਨੂੰ ਇਕ ਇਕ ਇਕ ਕਰਕੇ ਮਾਰਿਆ। ਉਹਨਾਂ ਵਿਚੋਂ ਇਕ ਭਰਾ ਦਰਸ਼ਨ ਕੁਮਾਰ ਨੂੰ ਮੂੰਹ ਖੋਲ੍ਹਣ ਵਾਸਤੇ ਆਖਿਆ ਅਤੇ ਉਹਦੇ ਖੁੱਲੇ ਮੂੰਹ ਵਿਚੋਂ ਗੋਲੀ ਲੰਘਾਈ। ਮੁੰਡਿਆਂ ਦੇ ਬਜ਼ੁਰਗ ਚਾਚੇ ਨੇ ਜਦੋਂ ਇਹ ਆਖਿਆ ਕਿ ਦੁਸ਼ਟੋ ਹੁਣ ਸਾਡੇ ਕੋਲੋਂ ਹੋਰ ਕੀ ਲੈਣਾ ਜੇ, ਜੇਕਰ ਇਹਨਾਂ ਨੂੰ ਮਾਰਿਆ ਜੇ ਤਾਂ ਮੈਨੂੰ ਵੀ ਮਾਰ ਦਿਓ ਤਾਂ ਉਹਨਾਂ ਨੇ ਉਹਨੂੰ ਵੀ ਮਾਰ ਦਿੱਤਾ। ਅਗਲੀ ਸਵੇਰ ਪਿੰਡ ਦੇ ਸਾਰੇ ਹਿੰਦੂ ਟੱਬਰ ਪਿੰਡ ਤੋਂ ਚਲੇ ਗਏ ਹਾਲਾਂਕਿ ਚਾਰ ਲਾਸ਼ਾਂ ਸਸਕਾਰ ਖੁਣੋਂ ਹਾਲੇ ਪਈਆਂ ਹੀ ਹੋਈਆਂ ਸਨ। ਪੁਲੀਸ ਖੜੀ ਦੇਖ ਰਹੀ ਸੀ। ਇਕ ਹਿੰਦੂ ਟੱਬਰ ਜਿੰਨ੍ਹੇ ਦ੍ਰਿੜ੍ਹਤਾ ਨਾਲ ਪਿੰਡ ਵਿਚ ਰਹਿਣ ਦਾ ਇਰਾਦਾ ਬਣਾਇਆ, ਉਹ ਇਕ ਮਾਰਕਸੀ ਪਾਰਟੀ ਦਾ ਵਰਕਰ ਓਮ ਪ੍ਰਕਾਸ਼ ਸੀ, ਜਿਸਨੇ ਕਿਹਾ ਕਿ ਉਹ ਕੁਝ ਵੀ ਹੋਵੇ ਪਿੰਡ ਨਹੀਂ ਛੱਡੇਗਾ। ਪੁਲੀਸ ਸਿਰਫ ਅੱਖਾਂ ਪੂੰਝਣ ਵਾਲੀ ਕਾਰਵਾਈ ਕਰਨ ਹੀ ਆਈ। ਪੁਲਸ ਵਾਲਿਆਂ ਨੇ ਪਿੰਡ ਵਾਲਿਆਂ ਕੋਲੋਂ ਪੁਛਿਆ ਕਿ ਉਹਨਾਂ ਨੇ ਕਾਤਲਾਂ ਨੂੰ ਫੜਿਆ ਕਿਉ ਨਹੀਂ ? ਉਹਨਾਂ ਨੂੰ ਭੱਜਣ ਕਿਉਂ ਦਿਤਾ ਹੈ ? ਇਸ ਤੇ ਗਿਆਨ ਸਿੰਘ ਨੇ ਜੋ ਕਿ ਸਾਬਕਾ ਫੌਜੀ ਹੈ ਤੇ ਹੁਣ ਪਿੰਡ ਦਾ ਸਰਪੰਚ ਹੈ, ਅਤੇ ਕਿਰਤੀ ਕਿਸਾਨ ਯੂਨੀਅਨ ਦਾ ਸਰਗਰਮ ਵਰਕਰ ਹੈ। ਗੁੱਸੇ ਨਾਲ ਕਿਹਾ ਕਿ ਜੇਕਰ ਸਾਡੇ ਕੋਲ ਹਥਿਆਰ ਹੁੰਦੇ ਤਾਂ ਅਸੀਂ ਕਦੀ ਉਹਨਾਂ ਨੂੰ ਨਾ ਜਾਣ ਦੇਂਦੇ ਤੇ ਨਾਂ ਹੀ ਇਹ ਕਾਰਾ ਕਰਨ ਦੇਂਦੇ, ਪਰ ਅਸੀਂ ਤਾਂ ਘਰ ਵਿਚ ਇਕ ਲਾਠੀ ਵੀ ਰੱਖੀਏ ਤਾਂ ਤੁਸੀਂ ਕਾਨੂੰਨ ਵਾਲੇ ਸਾਡੇ ਉਤੇ ਅਸਵਾਰ ਹੋ ਜਾਂਦੇ ਹੋ ਤੇ ਉਹ ਲਾਠੀ ਵੀ ਖੋਹਕੇ ਲੈ ਜਾਂਦੇ ਹੋ।

**ਸੋਹਲ ਪਿੰਡ** ਵੀ ਅੰਮ੍ਰਿਤਸਰ ਜ਼ਿਲੇ ਵਿਚ ਬਾਰਡਰ ਦੇ ਨੇੜੇ ਹੈ। 30 ਮਈ ਇਸ ਪਿੰਡ ਦੇ ਨੇੜੇ ਇਕ ਸੀ. ਆਰ. ਪੀ. ਐਫ. ਦੀ ਟੁਕੜੀ ਗਸ਼ਤ ਡਿਊਟੀ ਤੇ ਸੀ। ਉਹਨਾਂ ਨੇ ਇਕ ਸਕੂਟਰ ਆਉਂਦਿਆਂ ਦੇਖਿਆ, ਉਹਦੀ ਪਿਛਲੀ ਸੀਟ ਤੇ 'ਸਾਂਈ' ਬੈਠਾ ਸੀ। ਪੰਜਾਬ ਦੇ ਪਿੰਡਾਂ ਵਿਚ ਜੇਕਰ ਕੋਈ ਬੰਦਾ ਸਿਧੜਾ ਜਿਹਾ ਹੋਵੇ ਜਾਂ ਕਈ ਵਾਰੀ ਦਿਮਾਗੀ ਤੌਰ ਤੇ ਪੱਛੜਿਆ ਵੀ ਹੋਵੇ ਤਾਂ ਉਹਨੂੰ 'ਸਾਂਈ' ਆਖ ਕੇ ਸੱਦਿਆ ਜਾਂਦਾ ਹੈ) ਸੀ. ਆਰ. ਪੀ. ਵਾਲਿਆਂ ਨੇ ਸਕੂਟਰ ਡਰਾਈਵਰ ਨੂੰ ਖੜੇ ਹੋਣ ਲਈ ਆਖਿਆ। 'ਸਾਂਈ' ਨੇ ਜਦੋਂ ਸੀ. ਆਰ. ਪੀ. ਵਾਲਿਆਂ ਨੂੰ ਵੇਖਿਆ ਤਾਂ ਉਹ ਉਹਨਾਂ ਦੀ ਦਹਿਸ਼ਤ ਦੇ ਡਰ ਨਾਲ ਹੀ ਭੱਜ ਉਠਿਆ। ਇਹੀ ਸ਼ਾਇਦ ਉਹਦਾ ਵੱਡਾ ਕਸੂਰ ਸੀ, ਜੋ ਬਾਅਦ ਵਿਚ ਉਹਦਾ ਜਾਨ ਲੇਵਾ ਸਾਬਤ ਹੋਇਆ। ਸੀ. ਆਰ. ਪੀ. ਵਾਲਿਆ ਨੇ ਉਹਦਾ ਪਿਛਾ ਕੀਤਾ। ਉਹਨੇ ਇਕ ਘਰ ਦੇ ਕਮਰੇ ਵਿਚ ਵੜਕੇ ਡਰਦੇ ਮਾਰੇ ਕੁੰਡਾ ਲਾ ਲਿਆ। ਉਹਦੀਆਂ ਭੈਣਾਂ ਵੀ ਉਹਦੇ ਪਿਛੇ ਦੌੜਦੀਆਂ ਦੌੜਦੀਆਂ ਉਥੇ ਪੁੱਜ ਗਈਆਂ। ਉਹਨਾਂ ਨੇ ਸੀ. ਆਰ. ਪੀ. ਨੂੰ ਡਰਦਿਆਂ ਦਸਿਆ ਕਿ ਉਹ ਇਕ ਸਿੱਧੜਾ ਜਿਹਾ ਬੰਦਾ ਏ ਅਤੇ ਡਰਦੇ ਮਾਰੇ ਹੀ ਉਹਨੇ ਕੁੰਡਾ ਲਾਇਆ ਹੋਇਆ ਏ। ਉਹਨੇ ਤੇ ਕਦੀ ਕੀੜੀ ਵੀ ਨਹੀਂ ਮਾਰੀ। ਉਹਨਾਂ ਨੇ ਸੀ. ਆਰ. ਆਰ. ਪੀ. ਨੂੰ ਹੱਥ ਜੋੜਦਿਆਂ ਕਿਹਾ ਕਿ ਉਹ ਜੇਕਰ ਇਹ ਵਾਹਿਦਾ ਕਰਨ ਕਿ ਉਹ ਬਗੈਰ ਤਫਤੀਸ਼ ਕੁਝ ਨਹੀਂ ਕਹਿਣਗੇ ਤਾਂ ਉਹ 'ਸਾਂਈ' ਨੂੰ ਆਪ ਬਾਹਰ ਆਉਣ ਲਈ ਕਹਿਣਗੇ। ਸੀ. ਆਰ. ਪੀ. ਵਾਲਿਆਂ ਨੇ ਇਹ ਵਾਹਿਦਾ ਕਰ ਵੀ ਦਿਤਾ। ਭੈਣਾਂ ਨੇ 'ਸਾਂਈ' ਨੂੰ ਆਖਿਆ ਕਿ ਉਹ ਬਾਹਰ ਆ ਜਾਏ ਕੋਈ ਉਹਨੂੰ ਕੁਝ ਨਹੀਂ ਕਹਿੰਦਾ। ਅਖੀਰ ਬੜੀਆਂ ਮਿੰਨਤਾਂ ਬਾਅਦ ਸਾਂਈ ਨੇ ਬੂਹਾ ਖੋਲ੍ਹਿਆ ਪਰ ਖੋਲ੍ਹਦੇ ਸਾਰ ਹੀ ਉਹ ਫੇਰ ਡਰ ਗਿਆ ਤੇ ਉਹਨੇ ਆਪਣੇ ਆਪ ਨੂੰ ਕਮਰੇ ਦੀ ਨੁੱਕਰ ਵਿਚ ਪਏ ਇਕ ਡਰੰਮ ਪਿਛੇ ਲਕੋ ਲਿਆ। ਭੈਣਾਂ ਨੇ ਫੇਰ ਉਹਨੂੰ ਉੱਚੇ ਦੇਣੇ ਕਿਹਾ ਕਿ ਉਹ ਬਾਹਰ ਆ ਜਾਏ। ਸੀ. ਆਰ. ਪੀ. ਵਾਲਿਆਂ ਕੋਲੋਂ ਨਾ ਡਰੇ। ਉਹ ਉਹਨੂੰ ਕੁਝ ਨਹੀਂ ਕਹਿੰਦੇ, ਉਹਨੇ ਕਿਹੜਾ ਕੋਈ ਜੁਰਮ ਕੀਤਾ ਏ, ਨਾਲੇ ਉਹਦੇ ਕੋਲ ਕਿਹੜਾ ਕੋਈ ਹਥਿਆਰ ਏ ਤੇ ਨਾ ਹੀ ਉਹਦਾ ਕਿਸੇ ਅਤਿਵਾਦੀ ਨਾਲ ਕੋਈ ਸੰਬੰਧ ਏ।

ਆਖਰ ਸਾਂਈ ਹੌਲੇ ਹੌਲੇ ਡਰੰਮ ਦੇ ਪਿਛੋਂ ਬਾਹਰ ਆਇਆ। ਜਿਉ ਹੀ ਉਹ ਹੱਥ ਉੱਚੇ ਕਰਕੇ ਬਾਹਰ ਆਇਆ, ਸੀ. ਆਰ. ਪੀ ਵਾਲਿਆਂ ਨੇ ਉਹਨੂੰ ਗੋਲੀ ਮਾਰ ਦਿਤੀ। ਉਹ ਅੱਧਾ ਘੰਟਾ ਉਥੇ ਜ਼ਿੰਦਗੀ ਤੇ ਮੌਤ ਦਰਮਿਆਨ

ਤੜਫਦਾ ਰਿਹਾ । ਉਹਨੇ ਪਾਣੀ ਲਈ ਤਰਲਾ ਕੀਤਾ ਪਰ ਸੀ. ਆਰ. ਪੀ ਵਾਲਿਆਂ ਨੇ ਨਾਂਹ ਕਰ ਦਿਤੀ । ਅੱਧੇ ਘੰਟੇ ਬਾਅਦ ਉਹ ਮਰ ਗਿਆ । ਸੀ. ਆਰ. ਪੀ ਵਾਲੇ ਜੀਪ ਤੇ ਚੜ੍ਹਕੇ ਚਲੇ ਗਏ ਅਤੇ ਕਾਗਜ਼ੀ ਕਾਰਵਾਈ ਲਈ ਲਾਸ਼ ਲੋਕਲ ਪੁਲਸ ਦੇ ਹਵਾਲੇ ਛੱਡ ਗਏ । ਸਾਂਈ ਦਾ ਨਾਂ ਵੀ ਹੁਣ ਉਹਨਾਂ ਅਤਿਵਾਦੀਆਂ ਵਿਚ ਸ਼ਾਮਲ ਕਰ ਲਿਆ ਗਿਆ ਹੈ ('ਏ' ਕਲਾਸ ਵਿਚ ਜਾਂ 'ਬੀ' ਕਲਾਸ ਵਿਚ, ਇਹ ਪੁਲਸ ਵਾਲਿਆਂ ਦੀ ਮਰਜ਼ੀ ਹੈ) ਜਿਸਨੂੰ ਸਾਡੀ ਬਹਾਦੁਰ ਸਟੇਟ ਮਸ਼ੀਨਰੀ ਨੇ ਮੁਕਾਬਲੇ ਵਿਚ ਮਾਰਕੇ ਦੇਸ਼ ਨੂੰ ਖੰਡ ਹੋਣ ਤੋਂ ਬਚਾ ਲਿਆ ਹੈ ।000

ਇਹ ਗੱਲ ਇਸ ਸਾਲ (1987) **ਜੂਨ 11** ਦੀ ਹੈ, ਕੋਈ ਸਵੇਰੇ 10 ਵਜੇ ਇਕ ਜੀਪ ਅੰਮ੍ਰਿਤਸਰ ਜ਼ਿਲੇ ਦੇ ਪਿੰਡ **ਮੰਨਨਾ** ਦੇ ਲਾਗੇ ਘੁੰਮ ਰਹੀ ਸੀ, ਜਿਸ ਵਿਚ ਚਾਰ ਨੌਜਵਾਨ ਅਸਵਾਰ ਸਨ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਅਤਿਵਾਦੀ ਸਨ । ਸੀ. ਆਰ. ਪੀ ਵਾਲਿਆਂ ਨੇ ਜੀਪ ਨੂੰ ਖੜਾ ਕੀਤਾ । ਨੌਜਵਾਨਾਂ ਨੇ ਦਸਿਆ ਕਿ ਉਹ ਇਕ ਹਾਰਵੈਸਟ ਕੰਬਾਈਨ ਚਲਾਉਣ ਵਲਿਆਂ ਵਿਚੋਂ ਹਨ । ਉਹਨਾਂ ਨੂੰ ਜਾਣ ਦਿਤਾ ਗਿਆ, ਪਰ ਹਾਲੇ ਥੋੜੀ ਦੂਰ ਗਏ ਸਨ, ਉਹਨਾਂ ਨੂੰ ਫੇਰ ਖੜੇ ਹੋਣ ਲਈ ਕਿਹਾ ਗਿਆ । ਇਹਨਾਂ ਮਸ਼ਕੂਕ ਲੋਕਾਂ ਨੇ ਜੀਪ ਛਡਕੇ ਭਜਣਾ ਚਾਹਿਆ । ਦੋ ਨੂੰ ਫੜ ਲਿਆ ਗਿਆ ਅਤੇ ਦੋ ਨੱਸ ਪਏ । ਇਹਨਾਂ ਵਿਚੋਂ ਇਕ ਤਾਂ ਫੇਰ ਲਭਿਆ ਨਹੀਂ ਪਰ ਦੂਜਾ ਪਿੰਡ ਦੀ ਗਲੀ ਵਿਚ ਨੱਸ ਪਿਆ । ਉਹਦਾ ਨਾਂ ਭੁਪਿੰਦਰ ਸਿੰਘ ਲਾਲਾ ਸੀ ਜੋ ਕਿ ਝੱਬਾਲ ਪਿੰਡ ਦੇ ਇਕ ਧੰਨੀ ਕਿਸਾਨ ਅਤੇ ਸੂਦਖੋਰ ਦਾ ਲੜਕਾ ਸੀ । ਸੀ. ਆਰ. ਪੀ ਵਾਲਿਆਂ ਉਹਨੂੰ ਗੋਲੀ ਦਾਗੀ । ਉਹ ਡਿਗ ਪਿਆ ਪਰ ਹਾਲੇ ਜੀਂਦਾ ਸੀ । ਉਹ ਇਸ ਪੁਜ਼ੀਸ਼ਨ ਵਿਚ ਘੰਟਾ ਭਰ ਡਿਗਿਆ ਰਿਹ ਅਤੇ ਪਾਣੀ ਲਈ ਤਰਲੇ ਕਰਦਾ ਰਿਹਾ । ਪਿੰਡ ਵਾਲੇ ਉਹਦੀ ਹਾਲਤ ਤੇ ਤਰਸ ਕਰਦਿਆਂ, ਉਹਨੂੰ ਪਾਣੀ ਦੇਣਾ ਚਾਹੁੰਦੇ ਸਨ ਪਰ ਉਹਨਾਂ ਨੂੰ ਇਹ ਨਹੀਂ ਕਰਨ ਦਿਤਾ ਗਿਆ । ਸਗੋਂ ਉਸ ਡਿਗੇ ਹੋਏ ਨੂੰ ਰਾਈਫਲਾਂ ਦੇ ਬੱਟਾਂ ਨਾਲ ਮਾਰਿਆ ਗਿਆ । ਦੂਜੇ ਫੜੇ ਮਸ਼ਕੂਕ ਨੂੰ ਵੀ ਲਾਠੀਆਂ ਅਤੇ ਰਾਈਫਲ ਦੇ ਬੱਟਾਂ ਨਾਲ ਮਾਰਿਆ ਗਿਆ । ਤੀਜੇ ਨੂੰ ਵੀ ਕੁੱਟਿਆ ਗਿਆ ਭਾਵੇਂ ਦੂਜੇ ਦੀ ਹਾਲਤ ਵਾਕੁਨ ਨਹੀਂ । ਆਖਰ ਡਿਗੇ ਹੋਏ ਲਾਲੇ ਨੂੰ ਧਰੀਕ ਕੇ ਜੀਪ ਵਿਚ ਸੁੱਟਿਆ ਗਿਆ । ਉਹ ਜੀਪ ਵਿਚ ਹੀ ਦਮ ਤੋੜ ਗਿਆ । ਉਥੇ ਹੀ ਸੁੱਟ ਕੇ ਸੀ.ਆਰ. ਐਫ ਵਾਲੇ ਜੀਪ ਦੁੜਾਕੇ ਚਲੇ ਗਏ । ਬਾਅਦ ਵਿਚ ਇਲਾਕੇ ਦੀ ਪੁਲਸ ਵਾਲੇ ਆਏ ਅਤੇ ਉਹਨਾਂ ਲੋੜੀ ਦੀ ਕਾਰਵਾਈ ਪੂਰੀ ਕੀਤੀ । ਲੜਕੇ ਦੇ ਮਾਤਾ ਪਿਤਾ ਵੀ ਏਨੀ ਦੇਰ ਵਿਚ ਘਟਨਾ ਵਾਲੀ ਥਾਂ ਤੇ ਪੁਜ ਗਏ । ਲਾਸ਼ ਉਸ ਸਮੇਂ ਵੀ ਸੜਕ ਤੇ ਪਈ ਹੋਈ ਸੀ । ਮਾਪਿਆਂ ਨੇ ਲਾਸ਼ ਨੂੰ ਮੰਜੇ ਤੇ ਪਾਇਆ । ਉਹਦਾ ਲਹੂ ਲਿਬੜਿਆ ਚਿਹਰਾ ਸਾਫ ਕੀਤਾ । ਬਾਅਦ ਵਿਚ ਉਹਨੂੰ ਪੋਸਟ-ਮਾਰਟਮ ਲਈ ਲਿਜਾਇਆ ਗਿਆ । o o

ਇਹ ਗੱਲ **1986** ਦੇ **17** ਨਵੰਬਰ ਦੀ ਹੈ । ਸਮਾਂ ਰਾਤ ਦੇ 10 ਵੱਜੇ ਦਾ ਸੀ, ਗੁਰਦਾਸਪੁਰ ਜ਼ਿਲੇ ਦੇ **ਧਾਰੀਵਾਲ ਕਸਬੇ** ਵਿਚ, 9 ਵਰਕਰਾਂ ਦਾ ਗਰੁੱਪ ਜਿਹੜੇ ਧਾਰੀਵਾਲ ਦੀ ਊਨੀ ਮਿਲ ਵਿਚ ਕੰਮ ਕਰਦੇ ਹਨ,ਰਾਤੀਂ ਮਿਲ ਤੋਂ ਕੰਮ ਕਰਕੇ ਅਪਣੇ ਘਰਾਂ ਵਲ ਜਾ ਰਹੇ ਸਨ । ਕਿਉਂ ਕਿ ਗੁਰਦਾਸਪੁਰ ਦਾ ਜ਼ਿਲਾ ਅਤਿਵਾਦੀਆਂ ਦੀਆਂ ਸਰਗਰਮੀਆਂ ਦਾ ਜ਼ਿਲ੍ਹਾ ਹੈ, ਇਸ ਲਈ ਵਰਕਰ ਸ਼ਿਫਟ ਖਤਮ ਕਰਕੇ ਇਕੱਲੇ ਇਕੱਲੇ ਘਰ ਜਾਣ ਦੀ ਥਾਂ ਟੋਲੀਆਂ ਬਣਾਕੇ ਹੀ ਘਰ ਜਾਂਦੇ ਹਨ । ਇਹ ਜਿਹੜੇ 9 ਵਰਕਰ ਘਰ ਜਾ ਰਹੇ ਸਨ, ਇਹਨਾਂ ਵਿਚੋਂ ਸੱਤ ਸਿੱਖ ਸਨ ਅਤੇ ਦੋ ਹਿੰਦੂ ਸਨ । ਧਾਰੀਵਾਲ ਮਿਲ ਵਿਚ ਜੱਟ ਸਿੱਖ, ਸੰਵਰਨਜਾਤੀ- ਹਿੰਦੂ, ਮਜ਼ਹਬੀ ਸਿੱਖ ਅਤੇ ਈਸਾਈ ਸਭ ਕੰਮ ਕਰਦੇ ਹਨ ਤੇ ਇਹਨਾਂ ਦੀ ਗਿਣਤੀ ਮਿਲਾਕੇ 3500 ਹੈ । ਇਹ ਵਰਕਰ ਜਦੋਂ ਸੜਕ 'ਤੇ ਜਾ ਰਹੇ ਸਨ ਤਾਂ ਇਹਨਾਂ ਨੂੰ ਅਚਾਨਕ ਇਕ ਦਰਖੱਤ ਦੇ ਥੱਲੇ ਖਲੋਤੇ ਪੰਜ ਸ਼ਕੀ ਬੰਦੇ ਦਿਸੇ ਜੋ ਬੰਦੂਕਾਂ ਰਾਈਫਲਾਂ ਨਾਲ ਲੈਸ ਸਨ, ਇਹਨਾਂ ਬੰਦੂਕਧਾਰੀਆਂ ਨੇ ਵਰਕਰਾਂ ਨੂੰ ਹੱਥ ਖੜੇ ਕਰਨ ਲਈ ਕਿਹਾ । ਜਿੰਨ੍ਹਾਂ ਦੇ ਸਿਰ 'ਤੇ ਪੱਗ ਨਹੀਂ ਸੀ, ਉਹ ਸਿਖ ਵਰਕਰਾਂ ਦੇ ਪਿੱਛੇ ਸਨ, ਇਸ ਲਈ ਉਹ ਇਕ ਦਮ ਨਠ ਸਕੇ । ਦੂਜੇ ਵੀ ਨੱਠੇ । ਅਤਿਵਾਦੀਆਂ ਨੇ ਉਹਨਾਂ ਦੇ ਪਿੱਛੇ ਗੋਲੀਆਂ ਦੀ ਬੁਛਾੜ ਕੀਤੀ । ਕੁਝ ਡਿੱਗ ਪਏ । ਅਤਿਵਾਦੀਆਂ ਨੇ ਡਿੱਗਿਆਂ ਦੀ ਪੜਤਾਲ ਕੀਤੀ । ਉਹਨਾਂ ਵਿਚੋਂ ਇਕ ਜਿਸਦਾ ਨਾਂ ਸਰਦਾਰ ਬਚਨ ਸਿੰਘ ਸੀ, ਮਰ ਚੁਕਿਆ ਸੀ । ਚਾਰ ਜ਼ਖਮੀ ਹੋਏ ਸਨ । ਅਤਿਵਾਦੀਆਂ ਨੇ ਧਰੀਕ ਕੇ ਉਹਨਾਂ ਨੂੰ ਇਕ ਸੁੱਕੀ ਨਹਿਰ ਵਿਚ ਸੁੱਟ ਦਿਤਾ ਅਤੇ ਨਾਲ ਹੀ ਧਮਕੀ ਦਿੱਤੀ, ਜੇਕਰ ਉਹ ਪੁਲਸ ਨੂੰ ਸ਼ਕਾਇਤ ਕਰਨਗੇ ਤਾਂ ਉਹਨਾਂ ਦੇ ਸਾਰੇ ਟੱਬਰਾਂ ਨੂੰ ਖਤਮ ਕਰ ਦਿੱਤਾ ਜਾਏਗਾ । ਉਹਨਾਂ ਨੇ ਜ਼ਖਮੀ ਬੰਦਿਆਂ ਨੂੰ ਖਾਲਿਸਤਾਨੀ ਨਾਅਰੇ ਲਾਉਣ ਲਈ ਵੀ ਮਜਬੂਰ ਕੀਤਾ।

ਇਸ ਦੌਰਾਨ ਹਿੰਦੂ ਵਰਕਰ ਜਿਹੜੇ ਪਹਿਲੇ ਨੱਸਣ ਵਿਚ ਸਫਲ ਹੋ ਗਏ ਸਨ, ਉਹਨਾਂ ਨੇ ਬੀ. ਐਸ. ਐਫ ਦੀ ਚੌਕੀ ਜਾ ਕੇ ਰੀਪੋਰਟ ਕੀਤੀ ਜੋ ਦੋ ਕਿਲੋ-ਮੀਟਰ ਦੇ ਫਾਸਲੇ 'ਤੇ ਤਾਇਨਾਤ ਸੀ । ਪਰ ਬੀ. ਐਸ. ਐਫ. ਵਾਲੇ ਆਪਣੀ ਥਾਂ ਤੋਂ ਹਿਲੇ ਨਹੀਂ । ਵਾਇਰ-ਲੈਸ ਸੁਨੇਹਾ ਘੱਲਿਆ ਗਿਆ । 25 ਮਿੰਟਾਂ ਬਾਅਦ

ਈਲਾਕਾਈ ਪੁਲਸ ਵਾਲੇ ਘਟਨਾ ਵਾਲੀ ਥਾਂ 'ਤੇ ਪੁੱਜੇ ਤੇ ਉਹਨਾਂ ਨੇ ਜਿਸ ਤਰ੍ਹਾਂ ਹੁੰਦਾ ਹੈ, ਕਾਗਜ਼ਾਂ ਦੀ ਖਾਨਾ ਪੂਰੀ ਕੀਤੀ। ਨਾ ਹੀ ਸਰਕਾਰ ਨੇ ਤੇ ਨਾ ਹੀ ਮਿਲ ਮਾਲਕਾਂ ਨੇ ਜ਼ਖਮੀ ਵਰਕਰਾਂ ਦੀ ਸਹਾਇਤਾ ਕੀਤੀ ਜਿਨ੍ਹਾਂ ਦੇ ਹਨ ਬਲਵਿੰਦਰ ਸਿੰਘ, ਹਰਦਿਆਲ ਸਿੰਘ, ਅਜੀਤ ਸਿੰਘ ਕ੍ਰਿਪਾਲ ਸਿੰਘ ਅਤੇ ਕਰਨੈਲ ਸਿੰਘ। ਪਰ ਮਿਲ ਦੇ ਦੂਜੇ ਵਰਕਰਾਂ ਨੇ ਆਪਣੇ ਸਾਥੀਆਂ ਦੀ ਹਸਪਤਾਲ ਵਿਚ ਪੂਰੀ ਦੇਖ ਭਾਲ ਕੀਤੀ ਅਤੇ ਸਾਰੇ ਖਰਚੇ ਵੀ ਆਪਣੇ ਜ਼ਿਮੇ ਲਏ। ਉਹਨਾਂ ਨੇ ਲਗਾਤਾਰ ਗੇਟ ਮੀਟਿੰਗਾਂ ਵਿਚ ਅਤਿਵਾਦੀਆਂ ਦੀ ਪੂਰੀ ਨਿਖੇਧੀ ਕੀਤੀ।

**ਇਹ ਹੈ ਉਹ ਹਾਲਤ ਜਿਸ ਵਿਚ ਅਜ ਪੰਜਾਬ ਦੇ ਸਾਧਾਰਨ ਲੋਕ ਜੀ ਰਹੇ ਹਨ। ਇਕ ਪਾਸੇ ਵਹਿਸ਼ੀ ਫਿਤਰਤ ਵਾਲੇ ਅਤਿਵਾਦੀ ਟੋਲੇ ਹਨ, ਜਿਹੜੇ ਮਾਰਨ ਵੇਲੇ ਹਿੰਦੂ ਜਾਂ ਸਿੱਖ ਦਾ ਫਰਕ ਨਹੀਂ ਦੇਖਦੇ ਤੇ ਦੂਜੇ ਪਾਸੇ ਇਸੇ ਫਿਤਰਤ ਵਾਲੀ ਸਟੇਟ ਮਸ਼ੀਨਰੀ ਹੈ। ਜਿਥੋਂ ਵਹਿਸ਼ਤ, ਦਹਿਸ਼ਤ, ਮਨੁੱਖਤਾ ਤੋਂ ਡਿੱਗੇ ਹੋਏ ਅਮਲ, ਜਬਰ ਤੇ ਜ਼ੁਲਮ ਦਾ ਸੰਬੰਧ ਹੈ, ਫਿਰਕੂ ਦਹਿਸ਼ਤਗਰਦ ਅਤੇ ਸਟੇਟ ਮਸ਼ੀਨਰੀ ਬਰਾਬਰ ਵਿਚ ਖੜੇ ਕੀਤੇ ਜਾ ਸਕਦੇ ਹਨ।**

## ਪ੍ਰਵੇਸ਼

ਇਹ ਜੋ ਅਸੀਂ ਉੱਤੇ ਲਿਖਿਆ ਹੈ, ਇਹ ਸਾਡੀ ਉਸ ਰੀਪੋਰਟ ਦਾ ਹਿੱਸਾ ਹੈ, ਜੋ ਸਾਡੀ ਟੀਮ ਨੇ ਪੰਜਾਬ ਬਾਰੇ ਤਿਆਰ ਕੀਤੀ ਹੈ। ਪੰਜਾਬ ਵਿਚ ਜੋ ਕੁਝ ਵਾਪਰ ਰਿਹਾ ਹੈ, ਉਹਦੇ ਬਾਰੇ ਕੇਂਦਰੀ ਹਕੂਮਤ ਵਲੋਂ ਮਸਲੇ ਨੂੰ ਹੱਲ ਕਰਨ ਲਈ ਜਿੰਨੀ ਹੀ ਬੇਪ੍ਰਵਾਹੀ ਦਿਖਾਈ ਜਾ ਰਹੀ ਹੈ, ਉਨੀ ਹੀ ਸ਼ਿਦਤ ਨਾਲ ਇਸ ਹਕੂਮਤ ਵਲੋਂ ਪੰਜਾਬ ਮਸਲੇ ਨੂੰ ਆਪਣੇ ਹਿੱਤਾਂ ਵਿਚ ਭੁਗਤਾਨ ਲਈ ਇਕ ਸੋਚੀ ਸਮਝੀ ਨੀਤੀ ਉੱਤੇ ਅਮਲ ਕੀਤਾ ਜਾ ਰਿਹਾ ਹੈ। ਇਹੋ ਪੰਜਾਬ ਜਿਸਦੀ ਮਿਸਾਲ ਸੱਠਵੇਂ ਦਹਾਕੇ ਦੇ ਅਖੀਰ ਵਿਚ ਅਤੇ ਸੱਤਰਵੇਂ ਦਹਾਕੇ ਦੇ ਸ਼ੁਰੂ ਵਿਚ ਤਰੱਕੀ ਦੇ ਮਾਡਲ ਦੇ ਤੌਰ ਤੇ ਪੇਸ਼ ਕਰਕੇ ਤੇ ਇਸ ਤਰੱਕੀ ਦਾ ਸਿਹਰਾ ਭਾਰਤ ਦੀ ਉੱਚ ਧਾਏ ਦੀ ਪਲੈਨਿੰਗ ਦੇ ਸਿਰ ਦੇ ਕੇ ਸਾਰੀ ਦੁਨੀਆ ਵਿਚ ਪ੍ਰਚਾਰ ਕੀਤਾ ਜਾਂਦਾ ਸੀ, ਉਹੀ ਹਰੀ ਤੇ ਚਿੱਟੀ ਕ੍ਰਾਂਤੀ ਵਾਲਾ ਪ੍ਰਾਂਤ ਹੁਣ ਸਰਕਾਰੀ ਪ੍ਰਚਾਰ ਮਾਧਿਅਮ ਵਿਚ ਇਕ ਫਿਰਕੂ ਜ਼ਹਿਰ ਨਾਲ ਗ੍ਰਹਿਸਿਆ ਹੋਇਆ ਪ੍ਰਾਂਤ ਹੋ ਗਿਆ ਹੈ, ਜਿਸ ਵਿਚ ਇਸ ਪ੍ਰਚਾਰ ਅਨੁਸਾਰ ਸਿੱਖ ਹਿੰਦੂਆਂ ਦਾ ਕਤਲੇਆਮ ਕਰ ਰਹੇ ਹਨ। ਸਾਨੂੰ ਇਹ ਦੱਸਿਆ ਜਾਂਦਾ ਹੈ ਕਿ ਭਾਰਤ ਦੀ ਪੁਲਸ ਸੰਸਥਾ ਬੜੀ ਬਹਾਦਰੀ ਨਾਲ ਅਤਿਵਾਦੀਆਂ ਦਾ ਮੁਕਾਬਲਾ ਕਰਦੀ ਹੋਈ ਦੇਸ਼ ਦੀ ਅਖੰਡਤਾ ਦੀ ਰਾਖੀ ਕਰ ਰਹੀ ਹੈ। ਅਤਿਵਾਦੀ ਪੰਜਾਬ ਵਿਚ ਥਾਂ ਤਾਂ ਹੀ ਆਪਣੀਆਂ ਕਾਰਵਾਈਆਂ ਕਰ ਸਕਦੇ ਹਨ, ਕਿਉਂਕਿ ਉਹਨਾਂ ਨੂੰ ਪੰਜਾਬ ਦੇ ਸਿੱਖ ਭਾਈਚਾਰੇ ਦੀ ਹਮਾਇਤ ਹੈ। ਬਾਕੀ ਭਾਰਤ ਦੇ ਲੋਕਾਂ ਵਿਚ ਇਹ ਅਸਰ ਪਾਇਆ ਗਿਆ ਹੈ ਕਿ ਖਾਲਿਸਤਾਨੀ, ਫਿਰਕੂ ਦਹਿਸ਼ਤ-ਗਰਦਾਂ ਅਤੇ ਸਿੱਖਾਂ ਵਿਚ ਵਾਸਤਵ ਤੌਰ ਤੇ ਕੋਈ ਫਰਕ ਨਹੀਂ ਤੇ ਸਾਰੇ ਵਿਚੋਂ ਇਕੋ ਹੀ ਹਨ। ਇਹ ਸਰਕਾਰ ਪੰਜਾਬ ਦਾ ਬਹਾਨਾ ਲਗਾਕੇ ਦੇਸ਼ ਭਰ ਵਿਚ ਫਿਰਕੂ ਨਫਰਤ ਨੂੰ ਉਤਸ਼ਾਹਤ ਕਰ ਰਹੀ ਹੈ ਤੇ ਇਸੇ ਬਹਾਨੇ ਵੱਧ ਤੋਂ ਵੱਧ ਕਾਲੇ ਕਾਨੂੰਨਾਂ ਨੂੰ ਦੇਸ਼ ਦੇ ਵਿਧਾਨ ਵਿਚ ਸ਼ਾਮਲ ਕਰਦੀ ਜਾ ਰਹੀ ਹੈ। ਸਾਡਾ ਵਿਚਾਰ ਹੈ ਕਿ ਪੰਜਾਬ ਦੇ ਮੌਜੂਦਾ ਵਰਤਾਰੇ ਦਾ ਸਿਖਰ ਭਾਵੇਂ ਅਸੀਵੀਏਂ ਦੇ ਸ਼ੁਰੂ ਸਾਲਾਂ ਵਿਚ ਆਇਆ ਹੈ ਪਰ ਇਹਦੇ ਲਈ ਜ਼ਮੀਨ ਕਈ ਸਾਲ ਪਹਿਲਾਂ ਤੋਂ ਤਿਆਰ ਕੀਤੀ ਜਾ ਰਹੀ ਸੀ। ਇਸੇ ਇਤਿਹਾਸਕ ਪਿਛੋਕੜ ਵਿਚ ਇਸ ਸਾਰੇ ਮਸਲੇ ਨੂੰ ਸਮਝਣ ਦੀ ਲੋੜ ਹੈ ਤਾਂ ਜੋ ਭਾਰਤ ਦੀ ਜਮਹੂਰੀਅਤ ਲਈ ਜੋ ਖਤਰਾ ਉੱਮੜ ਆਇਆ ਹੈ, ਇਸਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕੇ।

## ਪੁਛਗਿਛ ਲਈ ਪ੍ਰਸਤਾਵਿਤ ਢਾਂਚਾ

ਅੱਜ ਪੰਜਾਬ ਵਿਚ ਜੋ ਵਰਤਾਰਾ ਸਾਡੇ ਸਾਹਮਣੇ ਹੈ ਉਹ ਹੈ (1) ਫਿਰਕੂ ਦਹਿਸ਼ਤਗਰਦਾਂ ਵਲੋਂ ਹਰ ਰੋਜ਼ ਸਾਧਾਰਨ ਲੋਕਾਂ ਦੇ ਕਤਲ (2) ਪੁਲਸ ਅਤੇ ਨੀਮ ਫੌਜੀ ਦਸਤਿਆਂ ਵਲੋਂ ਕਤਲ, ਦਮਨ ਅਤੇ ਜਬਰ, ਜਿਨ੍ਹਾਂ ਨੂੰ ਇਹ ਦਮਨ ਕਰਨ ਲਈ ਕਾਲੇ ਕਾਨੂੰਨਾਂ ਰਾਹੀਂ ਪੂਰੀ ਤਰ੍ਹਾਂ ਖੁਲ੍ਹ ਦਿੱਤੀ ਗਈ ਹੈ। ਅਸੀਂ ਜਿਹੜੇ ਜਮਹੂਰੀ ਅਧਿਕਾਰਾਂ ਦੀ ਲਹਿਰ ਨਾਲ ਜੁੜੇ ਹੋਏ ਤਾਂ ਸਾਨੂੰ ਪੂਰੀ ਤਰ੍ਹਾਂ ਇਲਮ ਹੈ ਕਿ ਹਾਕਮ ਜਮਾਤਾਂ ਤੇ ਉਹਨਾਂ ਦੀ ਸਟੇਟ ਮਸ਼ੀਨਰੀ ਲੋਕਾਂ ਦੀ ਲਹਿਰਾਂ ਨੂੰ ਦਬਾਉਣ ਲਈ ਹਰ ਜਬਰ ਤੋਂ ਜਬਰ ਕੱਦਮ ਚੁੱਕ ਸਕਦੀ ਹੈ। ਪੰਜਾਬ ਵਿੱਚ ਵੀ ਲੋਕ ਲਹਿਰਾਂ ਨਾਲ ਪਿਛਲੇ ਸਮਿਆਂ ਵਿਚ ਇਹੋ ਸਲੂਕ ਕੀਤਾ ਗਿਆ ਹੈ। ਪਰ ਹੁਣ ਜੋ ਪੰਜਾਬ ਦੀ ਸਥਿਤੀ ਹੈ, ਉਸ ਵਿਚ ਸਟੇਟ ਜਬਰ ਹੋਰ ਵੀ ਆਸਾਨ ਹੋ ਗਿਆ ਹੈ, ਕਿਉਂਕਿ ਖਾਲਿ-ਸਤਾਨੀ ਦਹਿਸ਼ਤਗਰਦੀ ਨੂੰ ਖਤਮ ਕਰਨ ਦੇ ਪੱਜ ਜੋ ਵੀ ਦਮਨ ਹੋਏਗਾ, ਲੋਕਾਂ ਨੂੰ ਇਹਦੇ ਵਿਰੁੱਧ ਸਾਂਝੀ ਲੜਾਈ ਦੇਣ ਵਿਚ ਮੁਸ਼ਕਲਾਂ ਆਉਣਗੀਆਂ। ਇਕ ਫਿਰਕੂ ਬੇਵਿਸ਼ਵਾਸੀ ਦਾ ਵਾਤਾਵਰਨ ਜੋ ਪੰਜਾਬ ਵਿਚ ਬਣਿਆ ਹੋਇਆ ਹੈ, ਉਹ ਹੁਣ ਦੇ ਹਾਕਮਾਂ ਦੀ ਪੰਜਾਬ ਨੂੰ

ਸਭ ਤੋਂ ਵੱਡੀ ਖਤਰਨਾਕ ਦੇਣ ਹੈ। ਇਹ ਸਾਰਾ ਕੁਝ ਕਿਉਂ ਹੋਇਆ ? ਲੋਕ ਇਹ ਦੇ ਬਾਰੇ ਕੀ ਸੋਚਦੇ ਹਨ ? ਇਹ ਜਾਨਣ ਲਈ ਟੀਮ ਨੇ ਆਪਣੇ ਸਾਹਮਣੇ ਥਲੇ ਲਿਖੇ ਛੇ ਸਵਾਲ ਉਲੀਕੇ ;

(1) ਪੰਜਾਬ ਦੀ ਵਰਤਮਾਨ ਸਥਿਤੀ ਨੂੰ ਪੈਦਾ ਕਰਨ ਲਈ ਇਤਹਾਸਕ ਕਾਰਨ ਕੀ ਹਨ ?

(2) ਪੰਜਾਬ ਦੇ ਲੋਕਾਂ ਉਤੇ ਜੋ ਹਮਲਾ ਹੋ ਰਿਹਾ ਹੈ,ਉਹ ਕਿਹੜੇ ਪਾਸੇ ਤੋਂ ਹੋ ਰਿਹਾ ਹੈ ? ਫਿਰਕੂ ਦਹਿਸ਼ਤ-ਗਰਦਾਂ ਦਾ ਨਿਸ਼ਾਨਾ ਕਿਸ ਉਤੇ ਸੇਧਤ ਹੈ ਤੇ ਸਰਕਾਰੀ ਜਬਰ ਦਾ ਨਿਸ਼ਾਨਾ ਕੀ ਹੈ ?

(3) ਪੰਜਾਬ ਦੇ ਲੋਕਾਂ ਦੀ ਆਮ ਜ਼ਿੰਦਗੀ ਤੇ ਕੀ ਫਰਕ ਪੈ ਰਿਹਾ ਹੈ ?

(4) ਪੰਜਾਬ ਦੇ ਲੋਕਾਂ ਦੀ ਜਥੇਬੰਦਕ ਜਮਹੂਰੀ ਲਹਿਰ ਉਤੇ ਕੀ ਅਸਰ ਪੈ ਰਿਹਾ ਹੈ ?

(5) ਲੋਕਾਂ ਵਿਚ ਫਿਰਕੂ ਨਫਰਤ ਨੂੰ ਕਿਸ ਤਰ੍ਹਾਂ ਜ਼ਿੰਦਾ ਰਖਿਆ ਜਾ ਰਿਹਾ ਹੈ ?

(6) ਉਹ ਕਿਹੜੀਆਂ ਸ਼ਕਤੀਆਂ ਹਨ, ਜਿਹੜੀਆਂ ਲੋਕਾਂ ਦੇ ਜੀਣ ਦੇ ਅਤੇ ਹੋਰ ਜਮਹੂਰੀ ਹੱਕਾਂ ਦੀ ਰਖਵਾਲੀ ਕਰ ਰਹੀਆਂ ਹਨ ਅਤੇ ਉਹ ਇਹ ਕਿਸ ਤਰ੍ਹਾਂ ਕਰ ਰਹੀਆਂ ਹਨ ?

ਵੱਖ ਵੱਖ ਜ਼ਿਲਿਆਂ ਵਿਚ ਲੋਕਾਂ ਨੂੰ ਮਿਲਕੇ, ਉਹਨਾਂ ਨਾਲ ਵਿਚਾਰ ਵਟਾਂਦਰਾ ਕਰਕੇ, ਘਟਨਾਵਾਂ ਵਾਲੀਆਂ ਥਾਂਵਾਂ ਤੇ ਜਾਕੇ ਅਤੇ ਹੋਰ ਦਸਤਾਵੇਜ਼ਾਂ ਅਖਬਾਰਾਂ ਦੀਆਂ ਟਿਪਣੀਆਂ ਨੂੰ ਚੰਗੀ ਤਰ੍ਹਾਂ ਵਾਚਣ ਤੋਂ ਬਾਅਦ ਸਾਡੀ ਟੀਮ ਜਿਹੜੇ ਨਤੀਜਿਆਂ ਤੇ ਪਹੁੰਚੀ ਉਹ ਹੇਠ ਲਿਖੇ ਹਨ :—

**(1) ਦੋਨੋ ਫਿਰਕੇ ਦੇ ਲੋਕ ਫਿਰਕੂ ਦਹਿਸ਼ਤਗਰਦਾਂ ਦੇ ਹਮਲੇ ਦਾ ਸ਼ਿਕਾਰ ਹਨ :** ਫਿਰਕੂ ਦਹਿਸ਼ਤਗਰਦ ਪੰਜਾਬ ਵਿਚ ਅੱਜ ਇੱਕ ਖਤਰਨਾਕ ਤੇ ਪਿਛਾਕੜ ਸੋਚ ਦੇ ਮਾਲਕ ਹਨ, ਜੋ ਲੋਕਾਂ ਦੇ ਅਪਣੀ ਮਰਜ਼ੀ ਨਾਲ ਜੀਣ ਦੇ ਹੱਕ ਉਤੇ ਛਾਪਾ ਮਾਰਦੇ ਹਨ। ਉਹਨਾਂ ਨੂੰ ਭਾਰਤੀ ਸਮਗਲਰਾਂ ਦੀ, ਕੁਝ ਵਡੇ ਜਗੀਰਦਾਰਾਂ ਦੀ ਅਤੇ ਕੁਝ ਸਿਆਸੀ ਪਾਰਟੀਆਂ ਦੀ ਹਿਮਾਇਤ ਹੈ। ਪਰ ਇਕ ਪਾਸੜੇ ਪਰਚਾਰ ਦੇ ਉਲਟ ਸਿਰਫ ਹਿੰਦੂ ਹੀ ਫਿਰਕੂ ਦਹਿਸ਼ਤਗਰਦਾਂ ਦਾ ਸ਼ਿਕਾਰ ਨਹੀਂ, ਸਿਖ ਵੀ ਉਤਨੀ ਹੀ ਸ਼ਿੱਦਤ ਨਾਲ ਇਸਦੇ ਸ਼ਿਕਾਰ ਹਨ। ਜੇਕਰ ਗਿਣਤੀ ਦਾ ਪੱਖ ਲਈਏ ਤਾਂ ਮਰਨ ਵਾਲੇ ਸਿਖਾਂ ਦੀ ਗਿਣਤੀ ਹੁਣ ਹਿੰਦੂਆਂ ਤੋਂ ਵੱਧ ਹੀ ਜਾ ਰਹੀ ਹੈ। ਸੱਚ ਤਾਂ ਇਹ ਹੈ ਕਿ ਜਿਹੜਾ ਵੀ ਖਾਲਿਸਤਾਨੀ ਫਾਸ਼ੀਆਂ ਨਾਲ ਸਹਿਮਤ ਨਹੀਂ, ਉਹ ਉਹਨਾਂ ਦੇ ਹਮਲੇ ਦਾ ਸ਼ਿਕਾਰ ਹੈ। ਬਾਕੀ ਭਾਰਤ ਵਿਚ ਜੇਕਰ ਇਹ ਗੱਲ ਚੰਗੀ ਤਰ੍ਹਾਂ ਉਭਾਰੀ ਜਾਏ ਤਾਂ ਹੀ ਉਸ ਝੂਠ ਨੂੰ ਠੱਲ ਪਾਈ ਜਾ ਸਕਦੀ ਹੈ ਜਿਸ ਰਾਹੀਂ ਭਾਰਤ ਸਰਕਾਰ ਦਾ ਪਰਚਾਰ ਮੀਡੀਆ ਬਾਕੀ ਭਾਰਤ ਵਿਚ ਪਰਭਾਵ ਦੇ ਰਿਹਾ ਹੈ ਕਿ ਪੰਜਾਬ ਵਿਚ ਸਿਖ ਹਿੰਦੂਆਂ ਨੂੰ ਮਾਰ ਰਹੇ ਹਨ। ਇਹ ਪਰਚਾਰ ਸਰਕਾਰ ਅਤੇ ਪ੍ਰੈਸ ਦਾ ਕੁਝ ਹਿੱਸਾ ਦੋਨੋਂ ਫਿਰਕਿਆਂ ਨੂੰ ਆਪਸ ਵਿਚ ਵੰਡਣ ਲਈ ਸੋਚੀ ਸਮਝੀ ਨੀਤੀ ਅਧੀਨ ਕਰ ਰਹੇ ਹਨ।

**(2) ਸਰਕਾਰੀ ਮਸ਼ੀਨਰੀ ਫਿਰਕੂ ਦਹਿਸ਼ਤਗਰਦੀ ਦੇ ਖਿਲਾਫ ਨਹੀਂ ਲੜਦੀ ਸਗੋਂ ਆਪ ਇਕ ਦਹਿਸ਼ਤਗਰਦ ਟੋਲੇ ਵਾਂਗ ਕੰਮ ਕਰਦੀ ਹੈ।**

ਸਰਕਾਰੀ ਮਸ਼ੀਨਰੀ ਦਾਅਵਾ ਤਾਂ ਕਰਦੀ ਹੈ ਕਿ ਉਹ ਫਿਰਕੂ ਦਹਿਸ਼ਤਗਰਦੀ ਸਰਕਾਰੀ ਵਿਰੁਧ ਅਮਲ ਕਰਦੀ ਹੈ, ਪਰ ਇਹਦਾ ਇਹ ਦਾਅਵਾ ਬਿਲਕੁਲ ਹਕੀਕਤ ਦੇ ਉਲਟ ਹੈ। ਸਟੇਟ ਮਸ਼ੀਨਰੀ ਕੋਲ ਨਾ ਹੀ ਇਹ ਕਰਨ ਦੀ ਹਿੰਮਤ ਹੈ ਅਤੇ ਨਾ ਹੀ ਸੁਹਿਰਦਤਾ ਅਤੇ ਇਮਾਨ-ਦਾਰੀ ਹੈ। ਉਹਨੇ ਤਾਂ ਸਗੋਂ ਅਪਣੇ ਆਪ ਨੂੰ ਸਾਧਾਰਨ ਲੋਕਾਂ ਉਤੇ ਜੱਬਰ ਤਕ ਸੀਮਤ ਕਰ ਲਿਆ ਹੈ। ਜੇਕਰ ਬ੍ਰਹਮਪੁਰ ਦੀ ਮਿਸਾਲ ਲਈਏ ਤਾਂ ਸਾਧਾਰਨ ਹਿੰਦੂ ਵੀ ਇਸਦੇ ਦਮਨ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਵੀ ਮਿਸਾਲਾਂ ਹਨ ਕਿ ਲੋਕਾਂ ਨੇ ਫਿਰਕੂ ਦਹਿਸ਼ਤਗਰਦਾਂ ਨੂੰ ਪਕੜਾਉਣ ਵਿਚ ਮੱਦਦ ਕੀਤੀ ਪਰ ਉਹਨਾਂ ਦੇ ਸਾਹਮਣੇ ਹੀ ਸ਼ੱਕੀ ਦਹਿਸ਼ਤ-ਗਰਦਾਂ ਨੂੰ ਤਸੀਹੇ ਦੇ ਕੇ ਮਾਰ ਮੁਕਾਉਣ ਦੀਆਂ ਹਰਕਤਾਂ ਕੀਤੀਆਂ ਤੇ ਇਹ ਸਾਬਤ ਕੀਤਾ ਕਿ ਇਸ ਦੇਸ਼ ਵਿਚ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਤੇ ਉਹ ਹੀ ਸਭ ਕੁਝ ਕਾਨੂੰਨ ਹਨ। ਇਹ ਸਭ ਕੁਝ ਸਟੇਟ ਮਸ਼ੀਨਰੀ ਵਲੋਂ ਲੋਕਾਂ ਵਿਚ ਦਹਿਸ਼ਤ ਕਾਇਮ ਕਰਨ ਲਈ ਕੀਤਾ ਗਿਆ। ਸਚਾਈ ਇਹ ਹੈ ਕਿ ਸਟੇਟ ਮਸ਼ੀਨਰੀ ਆਪਣੇ ਆਪ ਵਿਚ ਦਹਿਸ਼ਤਗਰਦਾਂ ਦਾ ਇਕ ਟੋਲਾ ਬਣ ਗਿਆ ਹੈ। ਇਹ ਸਟੇਟ ਦਹਿਸ਼ਤਗਰਦੀ ਸਗੋਂ ਖਾਲਿਸਤਾਨੀਆਂ ਨੂੰ ਲੋਕਾਂ ਵਿਚ ਆਪਣੀ ਭੱਲ ਬਨਾਉਣ ਲਈ ਸਹਾਇਤਾ ਕਰ ਰਹੀ ਹੈ।

**(3) ਮੁੱਖ ਸਿਆਸੀ ਪਾਰਟੀਆਂ ਅਤੇ ਉਹਨਾਂ ਦੇ ਅਨੁਯਾਈ ਅਸਲ ਵਿਚ ਦੋਸ਼ੀ ਹਨ :** ਪੰਜਾਬ ਮਸਲੇ ਦੇ ਇਤਿਹਾਸ ਦਾ ਜੇ ਵਿਸ਼ਲੇਸ਼ਣ ਕਰੀਏ ਤਾਂ ਇਹ ਸਾਫ਼ ਹੋ ਜਾਂਦਾ ਹੈ ਕਿ ਇਹ ਮਸਲਾ ਭਾਰਤ ਦੀਆਂ ਹਾਕਮ ਜਮਾਤਾਂ ਦੀ 'ਪਾੜੋ ਤੇ ਰਾਜ ਕਰੋ' ਨੀਤੀ ਦੀ ਹੀ ਦੇਣ ਹੈ। ਵਰਤਮਾਨ ਸਥਿਤੀ ਨੂੰ ਜਨਮ ਦੇਣ ਵਾਲੇ ਅਤੇ ਇਸਨੂੰ ਕਾਇਮ ਰੱਖਣ ਵਾਲਿਆਂ ਵਿਚ ਜਿਹੜੇ ਦੋਸ਼ੀ ਹਨ,

ਉਹਨਾਂ ਵਿਚ ਪਹਿਲਾ ਨੰਬਰ ਆਂਦਾ ਹੈ ਭਾਰਤੀ ਸਰਕਾਰ ਦਾ ਅਤੇ ਕਾਂਗਰਸ (ਆਈ) ਦਾ, ਦੋ ਨੰਬਰ ਤੇ ਆਂਦਾ ਹੈ, ਅਕਾਲੀ ਦਲ ਤੇ ਤੀਸਰੇ ਨੰਬਰ ਤੇ ਆਂਦੇ ਹਨ ਉਹ ਹਿੰਦੂ ਅਤੇ ਸਿੱਖ ਫਿਰਕੂ ਸੰਗਠਨ, ਜੋ ਇਹਨਾਂ ਉਤਲੀਆਂ ਦੋ ਪਾਰਟੀਆਂ ਦੀ ਸਰਪ੍ਰਸਤੀ ਥੱਲੇ ਹੀ ਵਧਦੇ ਫੁੱਲਦੇ ਹਨ। ਇਹਨਾਂ ਪਾਰਟੀਆਂ ਨੇ ਹਮੇਸ਼ਾਂ ਆਪਸੀ ਪਾੜੇਣ ਵਾਲੀਆਂ ਮੰਗਾਂ ਨੂੰ ਹੀ ਚੁੱਕਿਆ ਹੈ ਅਤੇ ਪਾਣੀਆਂ ਦੀ ਵੰਡ, ਪ੍ਰਾਂਤਾਂ ਦੀ ਹੱਦਬੰਦੀ ਅਤੇ ਚੰਡੀਗੜ੍ਹ ਵਰਗੇ ਮਸਲਿਆਂ ਨੂੰ ਵੀ ਫਿਰਕੂ ਰੰਗ ਦੇ ਦਿੱਤਾ ਹੈ। ਇਹ ਉਹਨਾਂ ਨੇ ਵੀ ਸੋਚੀ ਸਮਝੀ ਨੀਤੀ ਨਾਲ ਕੀਤਾ ਹੈ ਤਾਂ ਜੋ (1) ਲੋਕਾਂ ਦਾ ਧਿਆਨ ਆਰਥਿਕ ਮੰਗਾਂ ਵਲ ਨਾ ਜਾਏ। (2) ਕਿਸੇ ਤਰ੍ਹਾਂ ਸਰਕਾਰਾਂ ਸਾਂਝਕੇ ਲੁੱਟ ਦੇ ਸਾਧਨ ਆਪਣੇ ਲਈ ਮੁਹੀਯਾ ਕਰੀਏ। ਇਹੀ ਕਾਰਨ ਹੈ ਕਿ ਆਰਥਕ ਮੰਗਾਂ ਉਤੇ ਆਧਾਰਤ ਸਾਰੇ ਸੰਘਰਸ਼ ਲੋਕਾਂ ਦਾ, ਕੋਈ ਧਿਆਨ ਨਹੀਂ ਖਿੱਚਦੇ ਅਤੇ ਪ੍ਰੈਸ ਆਦਿਕ ਵਿਚ ਵੀ ਉਹਨਾਂ ਦਾ ਕੋਈ ਨੋਟਿਸ ਨਹੀਂ ਲਿਆ ਜਾਂਦਾ। ਹਾਕਮ ਜਮਾਤਾਂ ਨੂੰ ਇਸਤੋਂ ਵੱਧ ਹੋਰ ਕੀ ਚਾਹੀਦਾ ਹੈ? ਇਸੇ ਲਈ ਉਹ ਇਸ ਮਸਲੇ ਨੂੰ ਲਟਕਾਈ ਰੱਖਣ ਵਿੱਚ ਹੀ ਆਪਣੀ ਬੇਹਤਰੀ ਸਮਝਦੇ ਹਨ :

**(4) ਫਿਰੌਕੂ ਲੀਹਾਂ ਤੇ ਤਕਸੀਮ, ਅੱਲੈਕਸ਼ਨ ਖੇਡਾਂ ਅੱਤੇ ਕਥਿੱਤ ਮੰਗਾਂ :** ਖਾਲਿਸਤਾਨੀ ਉਹਨਾਂ ਮੰਗਾਂ ਬਾਰੇ ਕੋਈ ਖਾਸ ਦਿਲਚਸਪੀ ਨਹੀਂ ਰੱਖਦੇ, ਜਿੰਨ੍ਹਾਂ ਬਾਰੇ ਉਹ ਰੌਲਾ ਪਾਂਦੇ ਹਨ–ਜਿਸ ਤਰ੍ਹਾਂ ਚੰਡੀਗੜ੍ਹ, ਪੰਜਾਬੀ ਸੂਬੇ ਦੀ ਹੱਦ ਬੰਦੀ ਅਤੇ ਇਹਦੇ ਵਿਚ ਪੰਜਾਬੀ ਬੋਲਦੇ ਇਲਾਕੇ ਸ਼ਾਮਲ ਕਰਨੇ, ਪਾਣੀਆਂ ਦੀ ਤਕਸੀਮ, ਜੋਧਪੁਰ ਦੇ ਕੈਦੀਆਂ ਦੀ ਰਿਹਾਈ, ਦਿਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਆਦਿਕ। ਜਿਸ ਗੱਲ ਬਾਰੇ ਉਹ ਦਿਲਚਸਪੀ ਰੱਖਦੇ ਹਨ, ਉਹ ਹਨ ਫਿਰਕੂ ਦੰਗੇ ਅਤੇ ਫਿਰੌਕੂ ਲੀਹਾਂ ਤੇ ਲੋਕਾਂ ਦੀ ਤਕਸੀਮ। ਬੜੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਹਨਾਂ ਨੂੰ ਇਸ ਨਿਸ਼ਾਨੇ ਵਿਚ ਕਾਮਯਾਬੀ ਨਹੀਂ ਮਿਲੀ। ਵੱਡਾ ਕਾਰਨ ਹੈ ਕਿ ਸਾਧਾਰਨ ਲੋਕ ਇਸ ਬੀਮਾਰੀ ਤੋਂ ਬਚੇ ਹੋਏ ਹਨ। ਪਰ ਕੇਂਦਰੀ ਸਰਕਾਰ ਦੀ ਇਹ ਨੀਤੀ ਕਿ ਪੰਜਾਬ ਦੇ ਮਸਲੇ ਨਾਲ ਜੁੜੀਆਂ ਮੰਗਾਂ ਨੂੰ ਜੀ ਦਾਂ ਰੱਖਿਆ ਜਾਏ ਅਤੇ ਚੋਣ ਹਿੱਤਾਂ ਵਾਸਤੇ ਵਰਤਿਆ ਜਾਏ, ਫਿਰਕੂ ਸਦਭਾਵਨਾ ਉੱਤੇ ਪੂਰੀ ਤਰ੍ਹਾਂ ਮਾੜਾ ਅਸਰ ਪਾ ਰਹੀ ਹੈ। ਇਹਦੇ ਨਾਲ ਹੀ ਖਾਲਿਸਤਾਨੀਆਂ ਨੂੰ ਵੀ ਆਪਣੇ ਪ੍ਰਚਾਰ ਵਿਚ ਸਹਾਇਤਾ ਮਿਲ ਰਹੀ ਹੈ ਕਿ ਕੇਂਦਰ ਸਰਕਾਰ ਹਿੰਦੂ ਸਾਮਰਾਜਵਾਦੀਆਂ ਦੀ ਸਰਕਾਰ ਹੈ, ਜੋ ਸਿੱਖਾਂ ਨੂੰ ਦਬਾ ਰਹੀ ਹੈ। ਇਸੇ ਇਕ ਕਾਰਨ ਕਰਕੇ ਭਾਰਤ ਦੇ ਜਮਹੂਰੀ-ਅਤ ਪਸੰਦ ਲੋਕਾਂ ਨੂੰ ਕੇਂਦਰ ਦੀਆਂ ਨੀਤੀਆਂ ਦੇ ਵਿਰੁੱਧ ਸਖ਼ਤ ਆਂਵਾਜ਼ ਉਠਾਣੀ ਚਾਹੀਦੀ ਹੈ। ਖਾਲਿ-ਸਤਾਨੀਆਂ ਦੀ ਸਭ ਤੋਂ ਵੱਡੀ ਸਹਾਇਕ ਭਾਰਤੀ ਸਰਕਾਰ ਹੀ ਹੈ।

**(5) ਸਾਧਾਰਨ ਲੋਕਾਂ ਨੇ ਫਿਰੌਕੂ ਦੋਹਿਸ਼ਤਗਰਦੀ ਅਤੇ ਸਰਕਾਰੀ ਦਹਿਸ਼ਤਗਰਦੀ ਹੁੰਦਿਆਂ ਹੋਇਆਂ ਵੀ ਆਪਣੀ ਏਕਤਾ ਕਾਇਮ ਰੱਖੀ ਹੈ**

ਦੇਸ਼ ਵਿਚ ਹੋਰਨਾਂ ਥਾਵਾਂ ਦੇ ਉਲਟ ਜਿਥੇ ਹਿੰਦੂ ਮੁਸਲਮਾਨ ਫ਼ਿਰਕੂ ਫਸਾਦ ਬੜੇ ਆਮ ਹੋਏ ਹਨ, ਪੰਜਾਬ ਵਿਚ ਹਿੰਦੂ ਸਿਖ ਰਾਇਆਮਾਂ ਦੇ ਆਪਸੀ ਫਰਕ ਹੁੰਦਿਆਂ ਹੋਇਆਂ ਵੀ ਕਿਸੇ ਕਿਸਮ ਦਾ ਕੋਈ ਫਸਾਦ ਜਿਸ ਵਿਚ ਸਾਧਾਰਨ ਲੋਕ ਭਾਗੀ ਹੋਣ ਨਹੀ ਹੋਇਆ। ਇਹਦਾ ਇਕ ਕਾਰਨ ਤਾਂ ਸਦੀਆਂ ਤੋਂ ਚਲੀ ਆ ਰਹੀ ਹਿੰਦੂ ਸਿੱਖ ਭਾਈਚਾਰਕ ਸਾਂਝ ਹੈ ਤੇ ਕੁਝ ਹੱਦ ਤੱਕ ਦੂਜਾ ਕਾਰਨ ਜਮਹੂਰੀ ਅਤੇ ਸੈਕੂਲਰ ਜਥੇਬੰਦੀਆਂ ਦੀਆਂ ਸਰਗਰਮੀਆਂ ਵੀ ਹਨ। ਕਿਸੇ ਵੀ ਥਾਂ ਜੇਕਰ ਅਤਿ-ਵਾਦੀਆਂ ਹਥੋਂ ਕਤਲ ਵੀ ਹੋਏ ਹਨ ਤਾਂ ਕਾਤਲ ਗਰੋਹ ਹਮੇਸ਼ਾ ਪਿੰਡ ਤੋਂ ਬਾਹਰੋਂ ਹੀ ਹੁੰਦੇ ਹਨ। ਜੇਕਰ ਪਿੰਡ ਵਿਚ ਹਿੰਦੂ ਟੱਬਰ ਅੱਤਿਵਾਦੀਆਂ ਹਥੋਂ ਮਾਰੇ ਗਏ ਹਨ ਭਾਵੇਂ ਉਥੋਂ ਦੇ ਸਿੱਖ ਭਾਈਚਾਰੇ ਦੇ ਲੋਕ ਚੰਗੇ ਹਥਿ-ਆਰ ਨਾ ਹੋਣ ਕਰਕੇ ਉਹਨਾਂ ਨੂੰ ਬਚਾ ਸਕੇ ਪਰ ਹਿੰਦੂ ਪਰਿਵਾਰਾਂ ਦੇ ਦੁੱਖ ਵਿਚ ਉਹ ਪੂਰੀ ਤਰ੍ਹਾਂ ਸ਼ਾਮਲ ਹੋਏ ਹਨ ਤੇ ਵੱਸ ਕੀਤੇ ਉਹਨਾਂ ਨੇ ਉਹਨਾਂ ਟੱਬਰ ਨੂੰ ਹਿਜਰਤ ਕਰਨ ਤੋਂ ਰੋਕਿਆ ਵੀ ਹੈ। ਬਹੁਤ ਥਾਵਾਂ ਐਸੀਆਂ ਵੀ ਹਨ ਜਿਥੇ ਬੇਹਥਿਆਰੇ ਹਿੰਦੂ ਸਿੱਖਾਂ ਨੇ ਰਲ ਕੇ ਹਥਿਆਰ-ਬੰਦ ਅਤਿਵਾਦੀਆਂ ਨੂੰ ਨਸਾਇਆ ਵੀ ਹੈ। ਹਿੰਦੂਆਂ ਅਤੇ ਸਿੱਖਾਂ ਨੇ ਇਹ ਗੱਲਾਂ ਬਿਨਾਂ ਕਿਸੇ ਖਿਚਾਅ ਦੇ ਸਾਂਝੇ ਤੌਰ ਤੇ ਟੀਮ ਮੈਂਬਰਾਂ ਨਾਲ ਕੀਤੀਆਂ ਹਨ। ਟੀਮ ਮੈਂਬਰਾਂ ਦਾ ਵਿਚਾਰ ਹੈ ਕਿ ਹਿੰਦੂ ਸਿੱਖਾਂ ਦੀ ਇਸ ਸਾਂਝ ਨੂੰ ਜਮਹੂਰੀ ਸ਼ਕਤੀਆਂ ਇਕ ਲਹਿਰ ਬਣਾ ਸਕਦੀਆਂ ਅਤੇ ਫਿਰਕੂ ਤਾਕਤਾਂ ਨੂੰ ਫੈਸਲਾ-ਕੁਨ ਹਾਰ ਦੇ ਸਕਦੀਆਂ ਹਨ। ਇਹ ਬਦਕਿਸਮਤੀ ਦੀ ਗੱਲ ਹੈ ਕਿ ਪ੍ਰਚਾਰ ਮੀਡੀਆ ਨੇ ਕਦੀ ਇਸ ਸਚਾਈ ਨੂੰ ਮਹੱਤਤਾ ਨਹੀਂ ਦਿੱਤੀ, ਸਗੋਂ ਕੋਸ਼ਿਸ਼ ਹਮੇਸ਼ਾ ਇਹ ਕੀਤੀ ਹੈ ਕਿ ਹਿੰਦੂ ਸਿੱਖ ਫਰਕ ਨੂੰ ਹੀ ਪਹਿਲੀ ਥਾਂ ਦਿੱਤੀ ਜਾਏ ਅਤੇ ਇਸ ਸਾਂਝ ਨੂੰ ਅੱਖੋਂ ਪਰੋਖੇ ਕੀਤਾ ਜਾਏ।

ਇਹ ਵੀ ਦੇਖਿਆ ਹੈ ਕਿ ਹਿੰਦੂ ਸਿੱਖ ਖਿਚੋਂਆ ਸ਼ਹਿਰਾਂ ਵਿਚ ਬਹੁਤਾ ਹੈ, ਜਿਥੇ ਫਿਰਕੂ ਸੰਗਠਨ ਸਰਗਰਮ ਹਨ ਅਤੇ ਉਹ ਇਕ ਦੂਜੇ ਦੀਆਂ ਗਲਤ ਸਰਗਰਮੀਆਂ ਤੋਂ ਸ਼ਕਤੀ ਅਤੇ ਦਲੀਲ ਲੈ ਦੇ ਹਨ। ਇਥੇ ਵੀ ਸ਼ਿਵ

ਸੈਨਾ ਅਤੇ ਸਿਖ ਸਟੂਡੈਂਟ ਫੈਡਰੇਸ਼ਨ ਦੇ ਵਰਕਰ ਹੀ ਜ਼ਹਿਰ ਉਗਲਦੇ ਹਨ ਜਾਂ ਸਾੜਫੂਕ ਕਰਦੇ ਹਨ। ਜਦੋਂ ਕਿ ਪੁਲੀਸ ਪਹਿਲੇ ਇਕ ਚੁੱਪ ਦਰਸ਼ਕ ਰਹਿੰਦੀ ਹੈ ਤੇ ਫੇਰ ਦਮਨ ਕਰਨ ਲਈ ਅਚਾਨਕ ਜਾਗ ਪੈਂਦੀ ਹੈ। ਇਕ ਫਿਰਕੇ ਦੇ ਫਸਾਦੀ ਹਿਰਾਸਤ ਵਿਚ ਲੈਂਦੀ ਹੈ, ਦੂਜਾ ਫਿਰਕਾ-ਰੋਸ ਕਰਦਾ ਹੈ। ਦੂਜੇ ਫਿਰਕੇ ਦੇ ਕੁਝ ਲੋਕ ਵੀ ਫੜ ਲਏ ਜਾਂਦੇ ਹਨ ਤੇ ਫੇਰ ਦੋਨੋਂ ਫਿਰਕਿਆਂ ਦੇ ਗਿਰਫਤਾਰ ਹੋਏ ਲੋਕਾਂ ਨੂੰ ਛੱਡ ਦਿਤਾ ਜਾਂਦਾ ਹੈ ਅਤੇ ਖੇਡ ਫੇਰ ਕਿਸੇ ਅਗਲੀ ਘਟਨਾ ਤਕ ਮੁਲਤਵੀ ਹੋ ਜਾਂਦੀ ਹੈ। ਸੌਧਾਰਨ ਲੋਕ ਜਿਨ੍ਹਾਂ ਦੀ ਰੋਜ਼ ਦੀ ਜ਼ਿੰਦਗੀ ਵਿਚ ਵਿਘਨ ਪੈ ਜਾਂਦਾ ਹੈ, ਇਹਨਾਂ ਕਾਰਵਾਈਆਂ ਤੋਂ ਅਕੇ ਹੋਏ ਹਨ, ਪਰ ਉਹ ਹਾਲੇ ਤੁਕ ਬਹੁਤਾ ਕੁਝ ਕਰ ਨਹੀਂ ਸਕੇ। ਇਸ ਵਿਚ ਸ਼ੱਕ ਨਹੀਂ ਕਿ ਫ਼ਿਰਕੂ ਜ਼ਹਿਰ ਸ਼ਹਿਰੀਆਂ ਦੇ ਦਰਮਿਆਨੇ ਤਬਕੇ ਵਿਚ ਅਤੇ ਪੜ੍ਹੇ ਲਿਖੇ ਲੋਕਾਂ ਵਿਚ ਅਪਣਾ ਜ਼ਹਿਰ ਫੈਲਾਅ ਰਿਹਾ ਹੈ ਪਰ ਮਜ਼ਦੂਰ ਜਮਾਤ ਇਸ ਤੋਂ ਕਾਫੀ ਹੱਦ ਤਕ ਬਚੀ ਹੋਈ ਹੈ। ਟੀਮ ਦਾ ਵਿਚਾਰ ਹੈ ਕਿ ਇਹ ਜਮਾਤ ਹੀ ਇਕ ਪਾਸੇ ਫਿਰਕੂ ਟੋਲਿਆਂ ਵਿਰੁੱਧ ਅਤੇ ਦੂਜੇ ਪਾਸੇ ਸਟੇਟ ਦੇ ਦਮਨ ਵਿਰੁਧ ਇਕ ਲੜਾਈ ਦੇ ਸਕਦੀ ਹੈ।

### (6) ਜਮਹੂਰੀ ਲਹਿਰ ਉਤੇ ਦੋ ਧਾਰੀ ਵਾਰ

ਸਾਨੂੰ ਅਪਣੇ ਦੌਰੇ ਦੇ ਦਰਮਿਆਨੇ ਕਿਧਰੇ ਵੀ ਇਸ ਗੱਲ ਦਾ ਕੋਈ ਜ਼ਾਹਰਾ ਸਬੂਤ ਨਹੀਂ ਮਿਲਿਆ ਕਿ ਕਾਂਗਰਸ (ਆਈ), ਅਕਾਲੀ ਦਲ ਜਾਂ ਬੀ. ਜੇ. ਪੀ ਵਾਲੇ ਫਿਰਕੂ ਦਹਿਸ਼ਤਗਰਦੀ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਕੋਈ ਸਰਗਰਮੀ ਕਰ ਰਹੇ ਹਨ। ਅਵਾਮੀ ਸਰਗਰਮੀਆਂ ਜਿਨ੍ਹਾਂ ਵਿਚ ਪੋਸਟਰ ਲਗਾਣੇ, ਦੋ ਵਰਕੀਆਂ ਛਾਪਕੇ-ਵੰਡਣੀਆਂ, ਮੁਜ਼ਾਹਰੇ ਜਾਂ ਰੈਲੀਆਂ ਸ਼ਾਮਿਲ ਹਨ, ਉਹ ਖੱਬੀ ਧਿਰ ਵਲੋਂ ਹੀ ਹਨ। ਸੀ. ਪੀ. ਆਈ. (ਐਮ. ਐਲ.) ਦੇ ਦੋ ਫਰੰਟ (ਜੇਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਅਤੇ ਇਨਕਲਾਬੀ ਕੇਂਦਰ ਪੰਜਾਬ) ਤੇ ਇਹਦੇ ਨਾਲ ਹੀ ਸੀ. ਪੀ. ਆਈ ਅਤੇ ਸੀ. ਪੀ. ਐਮ ਪਾਰਟੀਆਂ ਦਾ ਕੇਡਰ ਲੋਕਾਂ ਵਿਚ ਫਿਰਕੂ ਜਨੂੰਨ ਦੇ ਵਿਰੁਧ ਸਰਗਰਮ ਹੋਕੇ ਕੰਮ ਕਰ ਰਹੇ ਹਨ ਅਤੇ ਲੋਕਾਂ ਨੂੰ ਫਿਰਕੂ ਜ਼ਹਿਰ ਤੋਂ ਬਚਾਉਣ ਲਈ ਲਾਮਬੰਦੀ ਕਰ ਰਹੇ ਹਨ। ਇਹੀ ਕਾਰਨ ਹੈ ਕਿ ਇਹਨਾਂ ਪਾਰਟੀਆਂ ਦੇ ਬਹੁਤ ਸਾਰੇ ਸਰਗਰਮ ਵਰਕਰ ਤੇ ਉਹਨਾਂ ਦੇ ਟੱਬਰ ਖਾਲਿਸਤਾਨੀਆਂ ਦੇ ਹੱਥੋਂ ਮਾਰੇ ਵੀ ਗਏ ਹਨ ਤੇ ਇਨ੍ਹਾਂ ਨੂੰ ਹਰ ਵੇਲੇ ਧਮਕੀਆਂ ਵੀ ਮਿਲਦੀਆਂ ਰਹਿੰਦੀਆਂ ਹਨ। ਪਰ ਇਸਦੇ ਉਲਟ ਦੂਜੀ ਸੱਚਾਈ ਇਹ ਵੀ ਹੈ ਕਿ ਇਹੀ ਧਿਰ ਹੈ, ਜਿਸਦੇ ਕੇਡਰ ਉਤੇ ਸਰਕਾਰ ਵਲੋਂ ਹਰ ਕਿਸਮ ਦੀ ਸਰਗਰਮੀ ਵਿਰੁਧ ਬੰਦਸ਼ਾਂ ਲਗਦੀਆਂ ਹਨ। ਕੋਈ ਰੈਲੀ ਕਰਨੀ ਹੋਵੇ, ਜਲਸਾ ਕਰਨਾ ਹੋਵੇ, ਜਲੂਸ ਕਢਣਾ ਹੋਵੇ, ਸਰਕਾਰੀ ਮਸ਼ੀਨਰੀ ਦੀ ਕੋਸ਼ਿਸ਼ ਹੋਵੇਗੀ ਕਿ ਇਸ ਉਤੇ ਹਰ ਕਿਸਮ ਦੀ ਬੰਦਸ਼ ਲਗਾਈ ਜਾਏ। ਕੇਡਰ ਨੂੰ ਬਹੁਤੀ ਵਾਰ ਗਿਰਫਤਾਰ ਵੀ ਕੀਤਾ ਜਾਂਦਾ ਹੈ। ਤਸੀਹੇ ਵੀ ਦਿਤੇ ਜਾਂਦੇ ਹਨ, ਖਾਸ ਕਰਕੇ ਜੇਕਰ ਉਹ ਸਰਕਾਰੀ ਮਸ਼ੀਨਰੀ ਦੇ ਦਮਨ ਵਿਰੁੱਧ ਰੋਸ ਕਰ ਰਹੇ ਹੋਣ।

ਟੀਮ ਨੇ ਜੋ ਕੁਝ ਆਪਣੇ ਦੌਰੇ ਦੇ ਦਰਮਿਆਨ ਦੇਖਿਆ ਉਸ ਤੋਂ ਸਾਫ ਹੈ ਕਿ ਸਟੇਟ ਮਸ਼ੀਨਰੀ ਉਤੇ ਕੋਈ ਟੇਕ ਨਹੀਂ ਰੱਖੀ ਜਾ ਸਕਦੀ। (ਸੀ. ਪੀ. ਆਈ ਅਤੇ ਸੀ. ਪੀ. ਐਮ. ਲੀਡਰਸ਼ਿਪ ਇਸ ਧਾਰਨਾ ਨਾਲ ਸਹਿਮਤ ਨਹੀਂ। ਖਾਲਿਸਤਾਨੀ ਖਤਰਾ ਜੇਕਰ ਮੁੱਕ ਵੀ ਜਾਏ ਇਹ ਕਾਲੇ ਕਾਨੂੰਨਾਂ ਉਤੇ ਆਧਾਰਤ ਪੁਲਸੀ ਰਾਜ ਨਹੀ ਮੁੱਕੇਗਾ ਤੇ ਇਹ ਹਰ ਉਸ ਜਮਹੂਰੀ ਲਹਿਰ ਨੂੰ ਦਬਾਉਣ ਲਈ ਪੂਰੀ ਤਰ੍ਹਾਂ ਸਰਗਰਮ ਰਹੇਗਾ, ਜੋ ਲਹਿਰ ਇਸ ਸਟੇਟ ਦੇ ਬੁਨਿਯਾਦੀ ਢਾਂਚੇ ਨੂੰ ਬਦਲਨ ਲਈ ਸਰਗਰਮ ਹੈ।

**(7) ਲੋਕਾਂ ਵਲੋਂ ਖਾੜਕੂ ਮੁਕਾਬਲਾ :** ਇਹ ਗੱਲ ਉਤਸ਼ਾਹਜਨਕ ਹੈ ਕਿ ਲੋਕ ਆਪਣੇ ਤੌਰ ਤੇ ਫਿਰਕੂ ਦਹਿਸ਼ਤਗਰਦਾਂ ਦੀਆਂ ਵਧੀਕੀਆਂ ਦਾ ਮੁਕਾਬਲਾ ਕਰ ਰਹੇ ਹਨ ਅਤੇ ਕਈ ਥਾਵਾਂ ਤੇ ਇਹ ਮੁਕਾਬਲਾ ਪੂਰਾ ਖਾੜਕੂ ਕਿਸਮ ਦਾ ਹੈ। ਕਈ ਥਾਵਾਂ ਤੇ ਇਹ ਹੋਇਆ (ਤਰਨ ਤਾਰਨ ਤਹਿਸੀਲ ਵਿਚ) ਜਦੋਂ ਖਾਲਿਸਤਾਨੀ ਖੇਤ ਮਜ਼ਦੂਰਾਂ ਦੇ ਵਿਰੁਧ ਧਨੀ ਕਿਸਾਨਾਂ ਦੀ ਹਿਮੈਤ ਵਿਚ ਆਏ। ਖੇਤ ਮਜ਼ਦੂਰਾਂ ਨੇ ਜਥੇਬੰਦ ਹੋ ਕੇ ਇਹਨਾਂ ਖਾਲਿਸਤਾਨੀਆਂ ਦੀਆਂ ਹਰ ਕਿਸਮ ਦੀਆਂ ਧਮਕੀਆਂ ਦਾ ਮੁਕਾਬਲਾ ਕੀਤਾ। ਇਸੇ ਤਰ੍ਹਾਂ ਜਦੋਂ ਖਾਲਿਸਤਾਨੀਆਂ ਨੇ 'ਨਸ਼ੇ ਆਦਿਕ ਦੀਆਂ ਬੁਰਾਈਆਂ ਨੂੰ ਦੂਰ ਕਰਨ' ਦੇ ਪੱਜ ਲੋਕਾਂ ਉਤੇ ਧੱਕਾ ਕੀਤਾ ਤਾਂ ਬਹੁਤ ਥਾਂ ਇਹਨਾਂ ਦੀ ਆਪ ਮੁਹਾਰੇ ਅਤੇ ਜਥੇਬੰਦਕ ਦੋਨੋਂ ਤਰੀਕਿਆਂ ਨਾਲ ਵਿਰੋਧਤਾ ਹੋਈ ਅਤੇ ਲੋਕਾਂ ਨੇ ਉਹਨਾਂ ਨੂੰ ਖਾੜਕੂ ਚਣੌਤੀ ਦਿਤੀ ਕਿ ਉਹ (ਖਾਲਿਸਤਾਨੀ) ਕੌਣ ਹੁੰਦੇ ਹਨ ਜੋ ਉਹਨਾਂ ਦੀ ਨਿਜੀ ਜ਼ਿੰਦਗੀ ਵਿਚ ਦਖਲ ਦੇਣ। ਬਹੁਤ ਥਾਂ ਤੇ ਖੱਬੀ ਧਿਰ ਨੇ ਵੱਡੀਆਂ ਰੈਲੀਆਂ ਵਿਚ ਖਾਲਿਸਤਾਨੀਆਂ ਦੀ ਚੁਣੌਤੀ ਨੂੰ ਕਬੂਲ ਕਰਨੇ ਦਾ ਏਲਾਨ ਕੀਤਾ ਹੈ। ਇਹਨਾਂ ਰੈਲੀਆਂ ਦੀ ਉਹਨਾਂ ਨੇ ਆਪਣੇ ਹਥਿਆਰਬੰਦ ਵਲੰਟੀਅਰਾਂ ਨਾਲ ਰੌਖਿਆ ਕੀਤੀ ਹੈ। ਅਸੀਂ ਜਿਹੜੇ ਬਾਹਰ ਤੋਂ ਪੰਜਾਬ ਹੋ ਕੇ ਆਏ ਹਾਂ, ਮਹਿਸੂਸ ਕਰਦੇ ਹਾਂ ਕਿ ਪੰਜਾਬ ਦੇ ਲੋਕ ਜੋ ਫਿਰਕੂ ਅਤਿਵਾਦ ਦਾ ਏਨੇ ਹੌਂਸਲੇ ਅਤੇ ਬਹਾਦਰੀ ਨਾਲ ਮੁਕਾਬਲਾ ਕਰ ਰਹੇ ਹਨ, ਉਹਨਾਂ ਦਾ ਇਹ ਪੱਖ ਪੰਜਾਬ ਤੋਂ ਬਾਹਰ ਦੇ ਲੋਕਾਂ ਨੂੰ ਬਹੁਤ ਘੱਟ ਪਤਾ ਹੈ। ਇਹਦਾਂ

ਸਗੋਂ ਬਾਹਰ ਬਹੁਤ ਪਰਚਾਰ ਹੋਣਾ ਚਾਹੀਦਾ ਹੈ ।

**ਨਿਚੋੜ** : ਤਜਰਬੇ ਨੇ ਦੱਸ ਦਿਤਾ ਹੈ ਕਿ ਨਾ ਹੀ ਵਹਿਸ਼ੀ ਸਰਕਾਰੀ ਮਸ਼ੀਨਰੀ ਦਾ ਜਬਰ ਅਤੇ ਨਾ ਹੀ ਮੌਕਾ ਪ੍ਰਸਤ ਸਿਆਸਤਦਾਨ ਅਤੇ ਨਾ ਹੀ ਲੜ ਰਹੀਆਂ ਧਿਰਾਂ (ਸਰਕਾਰ ਅਤੇ ਖਾਲਿਸਤਾਨੀ) ਦਰਮਿਆਨ ਕੋਈ ਸਮਝੌਤਾ ਪੰਜਾਬ ਦੇ ਮਸਲੇ ਦਾ ਹੱਲ ਕਰ ਸਕਦੇ ਹਨ । ਸਿਰਫ਼ ਲੋਕਾਂ ਦੀ ਜਮਹੂਰੀ ਤਰਜ਼ ਨਾਲ ਕੀਤੀ ਲਾਮਬੰਦੀ ਹੀ ਇਸ ਮਸਲੇ ਦਾ ਹੱਲ ਕਰ ਸਕਦੀ ਹੈ, ਇਹ ਤਾਂ ਹੀ ਹੋ ਸਕਦਾ ਹੈ ਕਿ ਜਮਹੂਰੀ ਲਹਿਰ ਲੋਕਾਂ ਵਿਚ ਆਪਣੀਆਂ ਸਰਗਰਮੀਆਂ ਨੂੰ ਵਧਾਏ । ਇਹ ਤਾਂ ਹੋ ਸਕਦਾ ਹੈ ਕਿ ਸਾਰੀ ਦਮਨ ਮਸ਼ੀਨਰੀ ਅਤੇ ਉਹ ਕਾਲੇ ਕਾਨੂੰਨ, ਜੋ ਦਹਿਸ਼ਤਗਰਦਾਂ ਨੂੰ ਦਬਾਉਣ ਦੇ ਪੱਜ ਵਿਧਾਨ ਵਿਚ ਲਿਆਂਦੇ ਗਏ ਹਨ, ਉਹਨਾਂ ਨੂੰ ਖਤਮ ਕਰਨ ਲਈ ਜ਼ੋਰਦਾਰ ਆਵਾਜ਼ ਉਠਾਈ ਜਾਏ ਅਤੇ ਇਸ ਮੰਗ ਨੂੰ ਇਕ ਅੰਦੋਲਨ ਦਾ ਰੂਪ ਦਿਤਾ ਜਾਏ । ਇਹੋ ਜਿਹਾ ਅੰਦੋਲਨ ਹੀ ਲੋਕਾਂ ਦਾ ਧਿਆਨ ਅਸਲੀ ਮਸਲੇ ਵਲ ਲਿਆਏਗਾ ਅਤੇ ਹਾਕਮਾਂ ਲਈ ਫੇਰ ਮੁਸ਼ਕਲ ਹੋ ਜਾਏਗਾ ਕਿ ਉਹ ਪੰਜਾਬ ਮਸਲੇ ਦੇ ਪੱਜ ਲੋਕਾਂ ਨੂੰ ਉਨ੍ਹਾਂ ਦੀ ਸਹੀ ਲੜਾਈ ਤੋਂ ਲਾਂਭੇ ਕਰ ਸਕਣ ।

—ਸਮਾਪਤ—

## ਇਕ ਰੀਪੋਰਟ ਝੂਠੇ ਪੁਲਸ ਕੇਸਾਂ ਬਾਰੇ

ਉਂਜ ਤਾਂ ਭਾਵੇਂ ਪੁਲਸ ਦੇ ਕਿਰਦਾਰ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਪਰ 29 ਅਗਸਤ ਦੇ ਸਾਰੇ ਹੀ ਅਖ਼ਬਾਰਾਂ ਵਿਚ ਮੋਟੀ ਸੁਰਖੀ ਹੇਠ ਛਪੀ ਇਸ ਖਬਰ ਨੇ ਪੁਲਸ ਦਾ ਕਿਰਦਾਰ ਚੰਗੀ ਤਰ੍ਹਾਂ ਨੰਗਾ ਕਰ ਦਿੱਤਾ ਹੈ

**"ਕਿ ਬਠਿੰਡਾ ਫਿਰੋਜ਼ਪੁਰ ਲਾਈਨ ਤੇ ਬੱਬਰਾਂ ਵਲੋਂ ਪੰਜਾਬ ਮੇਲ ਉਲਟਾਉਣ ਦਾ ਯਤਨ ਨਕਾਰਾ"**

ਫਰੀਦਕੋਟ ਦੇ ਐਸ. ਐਸ. ਪੀ. ਨੇ ਆਪਣੀ ਤੇ ਆਪਣੀ ਪੁਲਸ ਦੀ ਦਲੇਰੀ ਦਿਖਾਉਂਦੇ ਹੋਏ ਪਤਰਕਾਰਾਂ ਨੂੰ ਦਸਿਆ ਕਿ 28 ਅਗਸਤ ਨੂੰ ਜੈਤੋ ਨੇੜੇ ਚੰਦਭਾਨ ਦੇ ਸਟੇਸ਼ਨ ਤੇ ਤਿੰਨ ਵਿਅਕਤੀ ਘੁੰਮਦੇ ਹੋਏ ਦੇਖੇ, ਇਹ ਪੁਲਸ ਦੀ ਗਸ਼ਤੀ ਟੁਕੜੀ ਨੂੰ ਦੇਖ ਕੇ ਭੱਜਣ ਲੱਗੇ ਤਾਂ ਪੁਲਸ ਨੇ ਦੋ ਵਿਅਕਤੀਆਂ ਨੂੰ ਫੜ ਲਿਆ ਤੇ ਤੀਸਰਾ ਭੱਜਣ 'ਚ ਸਫਲ ਹੋ ਗਿਆ । ਫੜੇ ਗਏ 'ਅੱਤਵਾਦੀ' ਬਲਜਿੰਦਰ ਸਿੰਘ (ਪਿੰਡ ਸਰਦਾਰ ਗੜ) ਕੋਲੋਂ ਸਿੰਗਲ ਬੈਰਲ ਗੰਨ ਤੇ ਕੁਝ ਕਾਰਤੂਸ ਫੜੇ ਗਏ ਤੇ ਦੂਸਰੇ 'ਅਤਵਾਦੀ' ਪ੍ਰਿਥੀ ਸਿੰਘ ਕੋਲੋਂ ਇਕ ਬੰਬ ਮਿਲਿਆ ਜੋ ਕਿ ਥੈਲੇ ਵਿਚ ਪਾਇਆ ਹੋਇਆ ਸੀ 'ਅਤਿਵਾਦੀਆਂ' ਨੇ ਇਕਬਾਲ ਕੀਤਾ ਹੈ ਕਿ ਉਨ੍ਹਾਂ ਦੀ ਫਿਰੋਜ਼ਪੁਰ ਬਠਿੰਡਾ ਪੰਜਾਬ ਮੇਲ ਉਡਾਉਣ ਦੀ ਸਕੀਮ ਸੀ ਅਤੇ ਬਾਅਦ 'ਚ ਉਨ੍ਹਾਂ ਨੇ ਰੇਲਵੇ ਦੇ ਸੁਰੱਖਿਆ ਕਰਮਚਾਰੀਆਂ ਨੂੰ ਵੀ ਕਤਲ ਕਰਨਾ ਸੀ ਪਰ ਪੁਲਸ ਦੀ ਗਸ਼ਤੀ ਟੁਕੜੀ ਨੇ ਪੰਜਾਬ ਮੇਲ ਨੂੰ ਉਡਾਉਣ ਤੋਂ ਬਚਾ ਲਿਆ ।

ਨੋਟ :-(ਇਹ ਖਬਰ 29 ਅਗਸਤ ਤੇ ਤਕਰੀਬਨ ਹਰ ਇਕ ਅਖਬਾਰ 'ਚ ਛਪੀ ਹੈ)

**ਪਰ ਅਸਲੀਅਤ ਕੀ ਹੈ ?**

ਇਹ ਦੋਵੇਂ ਵਿਅਕਤੀ ਇਸ ਘਟਨਾ ਤੋਂ ਤਕਰੀਬਨ ਡੇਢ ਮਹੀਨਾ ਪਹਿਲਾਂ ਬਠਿੰਡੇ ਚੋਂ ਜੈਤੋ ਦੀ ਪੁਲਸ ਨੇ ਵੱਖ ਵੱਖ ਥਾਵਾਂ ਤੋਂ ਕੁਝ ਦਿਨਾਂ ਦੇ ਫ਼ਰਕ ਨਾਲ ਚੁੱਕ ਲਏ ਸਨ ।

ਬਲਜਿੰਦਰ ਸਿੰਘ ਨੂੰ ਜੈਤੋ ਦੀ ਪੁਲਸ ਵਾਲੇ 9 ਜੁਲਾਈ ਨੂੰ ਬਠਿੰਡੇ ਤੋਂ ਚੁੱਕ ਕੇ ਆਪਣੀ ਜੀਪ 'ਚ ਸੁੱਟਕੇ ਲੈ ਗਏ, ਇਸੇ ਤਰ੍ਹਾਂ 18-19 ਜੁਲਾਈ ਨੂੰ ਪ੍ਰਿਥੀ ਸਿੰਘ ਜਿਸਦਾ ਪਿੰਡ ਕਟਾਰ ਸਿੰਘ ਵਾਲਾ (ਬਠਿੰਡਾ) ਹੈ ਜੋ ਥਰਮਲ ਪਲਾਟ ਬਠਿੰਡਾ ਵਿਚ ਮੁਲਾਜ਼ਮ ਵੀ ਹੈ, ਨੂੰ ਵੀ ਡਿਊਟੀ ਤੇ ਜਾਂਦੇ ਸਮੇਂ ਜੈਤੋ ਪੁਲਸ ਨੇ ਚੁੱਕ ਲਿਆ ਸੀ । ਇਨ੍ਹਾਂ ਦੋਹਾਂ ਨੌ-ਜਵਾਨਾਂ ਨੂੰ ਪੁਲਸ ਨੇ 15-20 ਦਿਨ ਵੱਖ ਵੱਖ ਤਫਤੀਸ਼ ਕੇਂਦਰਾਂ 'ਚ ਰੱਖ ਕੇ ਇੰਨ੍ਹਾ ਤੇ ਅੰਨ੍ਹਾ ਤਸ਼ੱਦਦ ਕੀਤਾ ਤੇ ਨਾ ਹੀ ਗ੍ਰਿਫਤਾਰੀ ਪਾਈ ਤੇ ਇਨ੍ਹਾਂ ਦੀ ਕੋਈ ਵੀ ਉੱਘ ਸੁੱਘ ਨਾ ਨਿਕਲੀ । ਇਸ ਸਮੇਂ ਦੌਰਾਨ ਪੀ ਐਸ. ਯੂ. ਵਲੋਂ ਇਨ੍ਹਾਂ ਦੀ ਗ੍ਰਿਫਤਾਰੀ ਦੀ ਨਿੰਦਾ ਤੇ ਰਿਹਾਈ ਦੀ ਮੰਗ ਦੇ ਬਿਆਨ ਅਖਬਾਰਾਂ 'ਚ ਲੱਗੇ ਹਨ । ਇਨ੍ਹਾਂ ਦਾ ਦੋਸ਼ ਸਿਰਫ ਇਹ ਸੀ ਕਿ ਇਹ ਫੈਡਰੇਸ਼ਨ ਦੇ ਹਮਦਰਦ ਸਨ ।

ਇਨ੍ਹਾਂ ਨੌਜਵਾਨਾਂ ਦੇ ਘਰਦਿਆਂ ਵਲੋਂ ਤੇ ਦੋਵਾਂ ਦੇ ਪਿੰਡਾਂ ਦੀਆਂ ਪੰਚਾਇਤਾਂ ਵਲੋਂ ਕਾਫ਼ੀ ਨੱਠ ਭੱਜ ਕਰਨ ਤੋਂ ਬਾਅਦ ਇਨ੍ਹਾਂ ਬਾਰੇ ਪਤਾ ਲੱਗਾ ਕਿ ਪ੍ਰਿਥੀ ਸਿੰਘ ਜੈਤੋ ਥਾਣੇ 'ਚ ਹੈ ਤੇ ਬਲਜਿੰਦਰ ਸਿੰਘ ਫਰੀਦਕੋਟ ਸੀ. ਆਈ. ਏ. ਸਟਾਫ਼ 'ਚ ਹੈ । ਪੰਚਾਇਤ ਵਾਲੇ ਜੈਤੋ ਥਾਣੇਦਾਰ ਨੂੰ ਕਈ ਵੇਰ ਮਿਲੇ ਪਰ ਉਹ ਪ੍ਰਿਥੀ ਸਿੰਘ ਨੂੰ ਛੱਡਣ ਦੇ ਲਾਰੇ ਲਾਉਂਦਾ ਰਿਹਾ ਪਰ ਅਖੀਰ 'ਚ ਛੱਡਣ ਤੋਂ ਨਾਂਹ ਕਰ ਦਿੱਤੀ ਤੇ ਆਪਣੇ ਮੋਢਿਆਂ ਤੇ ਫੀਤੇ ਲਾਉਣ ਦੀ ਲਾਲਸਾ ਨਾਲ ਇਹ ਕੇਸ ਫਰੀਦਕੋਟ ਦੇ ਐਸ. ਐਸ. ਪੀ. ਗੋਬਿੰਦ ਰਾਮ ਦੇ ਹਵਾਲੇ ਕਰ ਦਿੱਤਾ (ਜੋ ਕਿ ਝੂਠੇ ਕੇਸ ਪਾਉਣ ਤੇ ਝੂਠੇ ਪੁਲਸ ਮੁਕਾਬਲੇ ਬਣਾਉਣ ਦਾ ਕਾਫੀ ਮਾਹਰ ਹੈ) ਅੰਤ 29 ਅਗਸਤ ਨੂੰ ਇਸ ਬਦਨਾਮ ਐਸ. ਐਸ. ਪੀ. ਨੇ ਰਿਬੇਰੋ ਤੋਂ ਥਾਪਨਾ ਲੈਣ ਲਈ ਆਪਣੀ "ਬਹਾਦਰੀ' ਦਾ ਤੇ ਦਲੇਰੀ ਦਾ ਦਿਖਾਵਾ ਕਰਦੇ ਹੋਏ ਸਾਰੇ ਅਖਬਾਰਾਂ ਨੂੰ ਇਹ ਬਿਆਨ ਜਾਰੀ ਕਰ ਦਿਤਾ । ਤੇ ਇਨ੍ਹਾਂ ਨੌ-ਜਵਾਨਾਂ ਤੇ ਝੂਠਾ ਕੇਸ ਪਾ ਕੇ ਇਨ੍ਹਾਂ ਨੂੰ ਜੇਲ੍ਹ ਦੀਆਂ ਸੀਖਾਂ ਪਿਛੇ ਬੰਦ ਕਰ ਦਿਤਾ ।

ਸੋ ਅੱਜ ਸਾਰੇ ਇਨਸਾਫ ਪਸੰਦ ਲੋਕਾਂ ਨੂੰ ਨਿਤ ਬਣਾਏ ਜਾਂਦੇ ਝੂਠੇ ਪੁਲਸ ਮੁਕਾਬਲਿਆਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ ਤੇ ਪੁਲਸ ਦੇ ਅਫਸਰਾਂ ਦੀਆਂ ਮਨਮਾਨੀਆਂ ਨੂੰ ਠੱਲ੍ਹ ਪਾਉਣੀ ਚਾਹੀਦੀ ਹੈ ।

ਸੁਰਜੀਤ ਸਿੰਘ (ਬਠਿੰਡਾ)

ਨਾਟਕ

# ਤਸਵੀਰਾਂ

ਗੁਰਸ਼ਰਨ ਸਿੰਘ

ਪਾਤਰ : ਸੀਤਾ–ਮਾਸਟਰ ਬਲਦੇਵ ਰਾਜ ਦੀ ਵਿਧਵਾ ਭੈਣ
ਸੰਤੋਸ਼–ਮਾਸਟਰ ਬਲਦੇਵ ਰਾਜ ਦੀ ਪਤਨੀ
ਬਲਦੇਵਰਾਜ–ਇਕ ਸਕੂਲ ਮਾਸਟਰ
ਸੁਰਜੀਤ–ਮਾਸਟਰ ਬਲਦੇਵ ਰਾਜ ਦਾ ਦੋਸਤ

ਸਥਾਨ : ਮਾਸਟਰ ਬਲਦੇਵ ਰਾਜ ਦਾ ਘਰ

ਨਾਟਕ ਸ਼ੁਰੂ ਹੋਣ ਤੇ ਸੀਤਾ ਅਖਬਾਰ ਪੜ੍ਹਦੀ ਦਿਸਦੀ ਹੈ, ਫਿਰ ਦਰਸ਼ਕਾਂ ਨੂੰ ਸੰਬੋਧਨ ਹੁੰਦੀ ਹੈ :

ਸੀਤਾ : ਅੱਜ ਫੇਰ ਵਾਰਦਾਤ ਹੋ ਗਈ ਹੈ। ਕੁਝ ਲੋਕ ਮਾਰੇ ਗਏ ਹਨ ਅਖਬਾਰ ਵਿਚ ਇਹਨਾਂ ਦੀਆਂ ਤਸਵੀਰਾਂ ਹਨ ਤੇ ਨਾਲ ਹੀ ਉਹਨਾਂ ਦੀਆਂ ਪਤਨੀਆਂ ਦੀਆਂ ਤਸਵੀਰਾਂ ਹਨ ਜੋ ਹੁਣ ਬਾਕੀ ਉਮਰ ਲਈ ਵਿਧਵਾ ਹੋ ਗਈਆਂ ਹਨ। (ਵਕਫਾ) ਮੈਂ ਵੀ ਤਾਂ ਇਕ ਵਿਧਵਾ ਹਾਂ ਮੇਰੀ ਵੀ ਤਾਂ ਇਹੋ ਜਿਹੀ ਇਕ ਤਸਵੀਰ ਛਪੀ ਸੀ। ਹੁਣ ਤਾਂ ਹਰ ਇਕ ਇਹੋ ਜਿਹੀ ਤਸਵੀਰ ਵਿਚ ਮੈਨੂੰ ਅਪਣੀ ਹੀ ਸੂਰਤ ਲੱਭਦੀ ਹੈ। ਖੁਲ੍ਹੇ ਵਾਲ, ਛਾਤੀ ਪਿੱਟਦੀ ਦੀ, ਵੈਣ ਪਾਂਦੀ ਦੀ। ਵੈਣ ਉਹਦੇ, ਜੋ ਮੈਨੂੰ ਹਮੇਸ਼ਾ ਲਈ ਛੱਡ ਗਿਆ (ਵਕਫਾ) ਹਾਂ ਉਹਨਾਂ ਮੇਰੇ ਸਾਹਮਣੇ ਉਹਨੂੰ ਮਾਰਿਆ ਸੀ। ਕੰਧ ਨਾਲ ਖੜਾ ਕਰਕੇ ਗੋਲੀ ਮਾਰੀ ਉਹਨੇ ਪੁਛਿਆ ਸੀ ਮੈਨੂੰ ਕਿਉਂ ਮਾਰਦੇ ਹੋ ? ਉਹ ਕਹਿਣ ਲਗੇ ਇਹ ਸਾਡਾ ਪੁਲੀਟੀਕਲ ਐਕਸ਼ਨ ਏ। ਅਸੀਂ ਚਾਹੁੰਦੇ ਹਾਂ ਕਿ ਤੁਹਾਡੇ ਧਰਮ ਦੇ ਲੋਕ ਇਥੋਂ ਚਲੇ ਜਾਣ। ਉਹਨੇ ਕਿਹਾ ਕਿ ਅਸੀਂ ਇਥੇ ਪੁਸ਼ਤਾਂ ਤੋਂ ਰਹਿੰਦੇ ਹਾਂ, ਅਸੀਂ ਤੁਹਾਨੂੰ ਕੀ ਕਹਿੰਦੇ ਹਾਂ ? ਤੁਸੀਂ ਅਪਣਾ ਰਾਜ ਬਣਾਉਣਾ ਚਾਹੁੰਦੇ ਹੋ ਤਾਂ ਬਣਾਓ। ਕਿਸੇ ਨੇ ਤਾਂ ਰਾਜ ਕਰਨਾ ਹੀ ਹੈ। ਮਹਾਰਾਜਾ ਰੰਜੀਤ ਸਿੰਘ ਨੇ ਜਦੋਂ ਰਾਜ ਕੀਤਾ ਸੀ ਤਾਂ ਕੀ ਪੰਜਾਬ ਦੇ ਦੂਜੇ ਧਰਮਾਂ ਦੇ ਲੋਕ ਇਥੋਂ ਚਲੇ ਗਏ ਸਨ ? ਉਹ ਕੁਝ ਚਿਰ ਲਈ ਰੁੱਕ ਗਏ, ਜਿਸ ਤਰ੍ਹਾਂ ਇਸ ਸਵਾਲ ਦਾ ਜਵਾਬ ਸੋਚ ਰਹੇ ਹੋਣ। ਮੈਨੂੰ ਕੁਝ ਉਮੀਦ ਦਿਸੀ। ਮੈਂ ਉਹਨਾਂ ਦਾ ਤਰਲਾ ਕੀਤਾ, ਤਰਸ ਕਰਨ ਲਈ ਕਿਹਾ ਪਰ...ਪਰ ਉਹਨਾਂ ਨੇ ਤਰਸ ਨਾ ਕੀਤਾ ਕਿਉਂਕਿ ਉਹਨਾਂ ਨੂੰ ਪਤਾ ਸੀ ਜੇ ਉਹਨਾਂ ਤਰਸ ਕੀਤਾ ਤਾਂ ਉਹਨਾਂ ਉਤੇ ਜੋ ਬੈਠੇ ਨੇ, ਉਹ ਉਹਨਾਂ ਤੇ ਤਰਸ ਨਹੀਂ ਕਰਨਗੇ। ਬੱਸ ਉਦੋਂ ਵੀ ਇਸ ਤਰ੍ਹਾਂ ਤਸਵੀਰਾਂ ਨਿਕਲੀਆਂ ਸਨ। ਮੇਰੇ ਪਤੀ ਦੇ ਗੋਲੀਆਂ ਲਗੀਆਂ ਦੀ, ਜ਼ਮੀਨ ਤੇ ਡੁਲ੍ਹੇ ਲਹੂ ਦੀਆਂ ਮੇਰੇ ਵਾਲ ਖੁਲ੍ਹਿਆਂ ਦੀ, ਪਿਟਦਿਆਂ ਦੀ। (ਵਕਫਾ) ਹੁਣ ਤਾਂ ਮੈਨੂੰ ਅਪਣੀ ਪਹਿਚਾਣ ਹੀ ਭੁੱਲ ਗਈ ਏ। ਇਕ ਪੱਲ ਲਗਦਾ ਏ ਕਿ ਹਰ ਤਸਵੀਰ ਵਿਚ ਮੈਂ ਹਾਂ, ਦੂਜੇ ਪਲ ਲਗਦਾ ਏ ਕਿ ਮੈਂ ਨਹੀਂ, ਇਹ ਤਾਂ ਕੋਈ ਇਕ ਹੋਰ ਏ। ਤੀਜੇ ਪਲ ਲਗਦਾ ਏ ਕਿ ਕੋਈ ਇਕ ਹੋਰ ਨਹੀਂ ਇਹ ਤਾਂ ਪੰਜਾਬ ਦੀ ਹਰ ਇਕ ਮਾਂ ਏ, ਜਿਸਦੇ ਵਾਲ ਖੁਲ੍ਹੇ ਨੇ ਤੇ ਉਹ ਛਾਤੀ ਪਿੱਟ ਰਹੀ ਏ। (ਰੋਂਦੀ ਹੈ ਤੇ ਫੇਰ ਅਥਰੂ ਪੂੰਝਦੀ ਹੈ)। ਮੇਰੀਆਂ ਅੱਖਾਂ ਵਿਚ ਅਥਰੂ ਆ ਗਏ ਸਨ। ਇਹ ਰੋਣਾ ਤਾਂ ਹੁਣ ਉਮਰਾਂ ਦਾ ਏ। ਮੇਰਾ ਦਿਲ ਕਰਦਾ ਹੈ ਕਿ ਕੋਠੇ ਤੇ ਚੜ੍ਹਕੇ ਰੋਵਾਂ ਤੇ ਕੂਕ ਕੂਕ ਕੇ ਦੁਨੀਆਂ ਵਾਲਿਆਂ ਕੋਲੋਂ ਪੁਛਾਂ ਕਿ ਉਹਨੂੰ ਕਿਉਂ ਮਾਰਿਆ ਗਿਆ ਸੀ ? ਕੀ ਸੀ ਉਹਦਾ ਕਸੂਰ ? ਕੀ ਏ ਮੇਰਾ ਕਸੂਰ ? (ਵਕਫ਼ਾ) ਉਸ ਘਟਨਾ ਤੋਂ ਬਾਅਦ ਅਸੀਂ ਪਿੰਡ ਛੱਡ ਕੇ ਦਿੱਲੀ ਚਲੇ ਗਏ। ਮੇਰਾ ਜੇਠ, ਜਿਠਾਨੀ ਤੇ ਟੱਬਰ ਦੇ ਹੋਰ ਜੀਅ। ਮੈਨੂੰ ਵੀ ਜਾਣਾ ਪਿਆ, ਹਾਂ ਨਾਂ ਚਾਹੁਣ ਤੇ ਵੀ ਮੈਨੂੰ ਮਜਬੂਰਨ ਜਾਣਾ ਪਿਆ। ਮੇਰੀ ਚਲਦੀ ਤਾਂ ਮੈਂ ਉਹ ਘਰ ਛੱਡਕੇ ਨਾ ਜਾਂਦੀ, ਜਿਥੇ ਉਹ ਮੈਨੂੰ ਵਿਆਹਕੇ ਲਿਆਇਆ ਸੀ। ਉਸਦੇ ਚਲੇ ਜਾਣ ਤੇ ਵੀ ਉਸ ਘਰ ਦੀਆਂ ਇਟਾਂ ਤੇ ਮੈਨੂੰ ਅਪਣਾ ਅਧਿਕਾਰ ਲਗਦਾ ਸੀ। ਦਿੱਲੀ ਮੇਰਾ ਕੀ ਸੀ ? ਮੈਂ ਤੇ ਇਹ ਵੀ ਕਿਹਾ ਸੀ ਕਿ ਸਾਰੇ ਚਲੇ ਜਾਓ, ਮੈਂ ਤੇ ਮਾਂ ਜੀ ਇਥੇ ਰਹਿ ਲਵਾਂਗੇ। ਮਾਂ ਜੀ ਵੀ ਇਹੋ ਚਾਹੁੰਦੇ ਸਨ ਪਰ ਜਿਠਾਨੀ ਨੇ ਜਦੋਂ ਇਹ ਆਖ ਦਿਤਾ ਕਿ ਮਾਂ ਜੀ ਨੂੰ ਅਪਣੇ ਪੁਤਰਾਂ ਨਾਲੋਂ ਇਸ ਘਰ ਦੀਆਂ ਇੱਟਾਂ ਪਿਆਰੀਆਂ ਨੇ, ਤਾਂ ਉਹ ਚੁੱਪ ਕਰ ਗਏ। ਅਸੀਂ ਦਿਲੀ ਚਲੇ ਗਏ, ਪਰ ਕੀ ਉਥੇ ਮੈਨੂੰ ਚੈਨ ਮਿਲ ਗਿਆ ? ਨਹੀਂ। ਜਦੋਂ ਉਹਨਾਂ ਨੇ ਰਮੇਸ਼ ਨੂੰ ਮਾਰਿਆ ਸੀ, ਮੈਂ ਤਰਲਾ ਕੀਤਾ ਸੀ, ਪਰ ਉਹਨਾਂ ਤੇ ਜਨੂੰਨ ਦਾ ਭੂਤ ਸਵਾਰ ਸੀ। ਪਰ ਦਿੱਲੀ ਇਸਦੇ ਉਲਟ ਸੀ ਉਥੇ ਮੇਰੀ ਕੋਈ ਹੋਰ ਭੈਣ ਤਰਲਾ ਕਰ ਰਹੀ ਸੀ ਤੇ ਮਾਰਨ ਵਾਲੇ ਦੂਜੇ ਧਰਮ ਦੇ ਜਨੂੰਨੀ ਸਨ। ਕੀ ਅਪਣੀਆਂ ਅੱਖਾਂ ਦੇ ਸਾਹਮਣੇ ਅਪਣੇ ਕਿਸੇ ਪਿਆਰੇ ਨੂੰ ਜੀਂਦੇ ਸੜਦਾ ਵੇਖਣਾ ਮੁਮਕਿਨ ਏ ? ਮੈਂ ਹਾਅ ਦਾ ਨਾਅਰਾ ਮਾਰਿਆ। ਤਾਂ ਮੇਰੇ ਜੇਠ ਜੀ ਕਹਿਣ ਲਗੇ ਇਸ ਧਰਮ ਦੇ ਲੋਕਾਂ ਨੂੰ ਸੱਬਕ ਸਿਖਾਉਣ ਦਾ ਕੋਈ ਹੋਰ ਤਰੀਕਾ ਹੀ ਨਹੀਂ ਰਹਿ ਗਿਆ। ਮੈਂ ਹੈਰਾਨ ਬਸ ਉਹਨਾਂ ਦੇ ਮੂੰਹ ਵਲ ਹੀ ਵੇਖਦੀ ਰਹਿ ਗਈ ਤੇ ਮੇਰਾ ਉਥੇ ਮੁਸ਼ਕਿਲ ਹੋ ਗਿਆ ਤੇ ਮੈਂ ਇਥੇ ਆ ਗਈ ਅਪਣੇ ਵੀਰ ਦੇ ਘਰ, ਅਪਣੀ ਭਾਬੀ ਦੇ ਘਰ ਤੇ ਹੁਣ ਜਦੋਂ

ਮੈਂ ਇਹ ਗੱਲਾਂ ਕਰ ਰਹੀ ਹਾਂ ਤੇ ਮੇਰਾ ਧਿਆਨ ਇਸ ਵੇਲੇ ਫੇਰ ਇਸ ਤਸਵੀਰ ਤੇ ਚਲਾ ਗਿਆ ਏ...ਹੁਣ ਇਹ ਤਸਵੀਰ ਮੈਨੂੰ ਦਿੱਲੀ ਦੀ ਅਪਣੀ ਕਿਸੇ ਇਕ ਭੈਣ ਦੀ ਲਗਦੀ ਏ। (ਵਕਫਾ) ਮੈਂ ਇਥੇ ਆ ਗਈ ਹਾਂ। ਮੈਨੂੰ ਮੇਰੇ ਵੀਰ ਦਾ ਆਸਰਾ ਏ। ਮੇਰਾ ਵੀਰ ਇਕ ਸੱਕੂਲ ਟੀਚਰ ਏ। ਟੀਚਰ ਯੂਨੀਅਨ ਦਾ ਇਕ ਸਰਕਰਦਾ ਕਾਰਕੁਨ ਏ। ਲੋਕਾਂ ਦੇ ਹੱਕ ਲਈ ਲੜਣ ਵਾਲਾ। ਸਾਥੀਆਂ ਦਾ ਸਾਥੀ, ਹਰ ਜ਼ੁਲਮ, ਹਰ ਅਨਿਆਏ ਦੇ ਵਿਰੁੱਧ ਖੜਾ ਹੋਣ ਵਾਲਾ ਤੇ ਇਸੇ ਕਰਕੇ ਉਤੇ ਵਾਲੇ ਉਹਨੂੰ ਬਹੁਤਾ ਪਸੰਦ ਨਹੀਂ ਕਰਦੇ ਤੇ ਉਹਦੀ ਬਦਲੀ ਦੂਰ ਬਾਰਡਰ ਦੇ ਨੇੜੇ ਇਕ ਪਿੰਡ ਵਿਚ ਕਰ ਦਿਤੀ ਗਈ ਹੈ। ਅੱਜ ਦੇ ਸਮੇਂ ਵਿਚ ਕਿਹਾ ਜਾਂਦਾ ਹੈ ਕਿ ਇਕ ਧਰਮ ਦੇ ਕਿਸੇ ਕਰਮਚਾਰੀ ਨੂੰ ਸਜ਼ਾ ਦੇਣੀ ਹੋਵੇ ਤਾਂ ਬਾਰਡਰ ਦੇ ਨੇੜੇ ਪਿੰਡ ਵਿਚ ਬਦਲ ਦੇਵੋ...ਤੇ ਇਹ ਖਬਰ ਤੇ ਇਹ ਤਸਵੀਰਾਂ... ਕੋਈ ਇਹਨਾਂ ਤੋਂ ਬੱਚਕੇ ਕਿਥੇ ਜਾਏ...ਨਾਂ ਚਾਹੁੰਦਿਆਂ ਹੋਇਆਂ ਵੀ ਮੇਰੇ ਤੇ ਭਾਬੀ ਦੇ ਕਹਿਣ ਤੇ ਵੀਰ, ਸੁਰਜੀਤ ਹੋਰਾਂ ਨਾਲ ਚੰਡੀਗੜ੍ਹ ਗਿਆ ਏ ਤਾਂ ਜੋ ਇਹ ਬਦਲੀ ਰੋਕੀ ਜਾ ਸਕੇ ..ਇਸ ਤਸਵੀਰ ਦੀ ਹੋਣੀ ਤੋਂ ਬਚਿਆਂ ਜਾ ਸਕੇ...ਹਾਂ ਇਹਨਾਂ ਤਸਵੀਰਾਂ ਤੋਂ ਬਚਿਆ ਜਾ ਸਕੇ।

(ਭੈਅ ਦੀਆਂ ਨਜ਼ਰਾਂ ਨਾਲ ਤਸਵੀਰ ਵੱਲ ਵੇਖਦੀ ਹੈ ਜਦੋਂ ਭਾਬੀ ਸੰਤੋਸ਼ ਆਂਦੀ ਹੈ)

ਭਾਬੀ : ਸੀਤਾਂ ਰੋਟੀ ਖਾ ਲੈ

ਸੀਤਾਂ : ਮੈਨੂੰ ਭੁੱਖ ਨਹੀਂ ਭਾਬੀ, (ਵਕਫਾ) ਭਾਬੀ ਅੱਜ ਚੌਥਾ ਦਿਨ ਹੋ ਗਿਆਂ ਏ, ਵੀਰ ਮੁੜਿਆਂ ਨਹੀਂ

ਭਾਬੀ : ਫਿਕਰ ਕਾਹਨੂੰ ਕਰਨੀ ਏ, ਚੰਡੀਗੜ੍ਹ ਵੱਲ ਹੀ ਗਿਆ ਏ, ਨਾਲੇ ਸੁਰਜੀਤ ਵੀ ਤਾਂ ਨਾਲ ਹੀ ਏ।

ਸੀਤਾ : ਸੁਰਜੀਤ ਦੀ ਗੱਲ ਪਤਾਂ ਨਹੀਂ ਵਜ਼ੀਰ ਮੰਨਦਾ ਵੀ ਹੈ ਕਿ ਨਹੀਂ ?

ਭਾਬੀ ਮੰਨੇਗਾ ਕਿਉਂ ਨਹੀਂ ? ਤੇਰੇ ਵੀਰ ਜੀ ਦਸਦੇ ਸੀ ਕਿ ਜਦੋਂ ਉਹ ਤੇ ਸੁਰਜੀਤ ਯੂਨੀਵਰਸਿਟੀ ਪੜ੍ਹਦੇ ਸੀ ਤਾਂ ਹੁਣ ਵਾਲਾ ਵਜ਼ੀਰ ਉਹਨਾਂ ਨਾਲੋ ਹੀ ਪੜ੍ਹਦਾ ਸੀ।

ਸੀਤਾਂ : ਮੈਨੂੰ ਪਤਾ ਏ ਭਾਬੀ, ਉਹ ਉਹਨਾਂ ਦੇ ਸਾਥੀਆਂ ਵਿਚੋਂ ਸੀ। 1975 ਦੀ ਐਮਰਜੈਂਸੀ ਵੇਲੇ ਉਹ ਇਕੱਠੇ ਜੇਲ੍ਹ ਵੀ ਗਏ ਸਨ। ਜੇਲ੍ਹ ਵਿਚ ਹੀ ਸੁਰਜੀਤ ਅਤੇ ਹੁਣ ਵਾਲੇ ਵਜ਼ੀਰ ਨੇ ਆਪਣੀ ਪਾਰਟੀ ਬਦਲ ਲਈ ਸੀ ਪਰ ਤੇਰੇ ਵੀਰ ਜੀ ਆਪਣੇ ਵਿਚਾਰਾਂ ਤੇ ਡਟੇ ਰਹੇ ਸੀ।

ਭਾਬੀ: ਪਰ ਵਿਚਾਰ ਬਦਲ ਜਾਣ ਤੇ ਵੀ ਸੁਰਜੀਤ ਨਾਲ ਤੇਰੇ ਵੀਰ ਜੀ ਦੀ ਦੋਸਤੀ ਵਿਚ ਫਰਕ ਨਹੀਂ ਪਿਆ ਸੀ। ਤਾਹੀਓਂ ਤਾਂ ਉਹਨੇ ਜਦੋਂ ਬਦਲੀ ਦਾ ਸੁਣਿਆ ਸੀ ਤਾਂ ਉਹਨੇ ਆਪ ਹੀ ਕਿਹਾ ਸੀ ਕਿ ਨਵੀਂ ਥਾਂ ਜਾਣ ਦੀ ਲੋੜ ਨਹੀ, ਮੈਂ-ਆਪੇ ਬਦਲੀ ਰੁਕਵਾਵਾਂਗਾ, ਭਲਾ ਆਪਣੇ ਆਦਮੀ ਦਾ ਏਨਾਂ ਵੀ ਫਾਇਦਾ ਨਾਂ ਹੋਵੇ ?

ਸੀਤਾ : ਵਜ਼ੀਰਾਂ ਨੂੰ ਮਿਲਣਾਂ ਵੀ ਭਾਬੀ ਕਿਹੜਾ ਸੌਖਾ ਏ ? ਉਹੋ ਹੀ ਬੰਦਾ ਜਿਹੜਾ ਕੱਲ ਤੁਹਾਡਾ ਜਿਗਰੀ ਦੋਸਤ ਹੋਵੇ; ਦਿਨੇ ਰਾਤ ਤੁਹਾਡੇ ਨਾਲ ਉਠਦਾ ਬੈਨਦਾ ਹੋਵੇ, ਕੁਰਸੀ ਤੇ ਬੈਠਕੇ ਸਭ ਕੁਝ ਭੁਲ ਵੀ ਸਕਦਾ ਏ ਹੁਣ ਚਾਰ ਦਿਨ ਹੋ ਗਏ ਨੇ, ਖਰਚ ਵੀ ਵੀ ਕਿੰਨਾ ਹੋ ਰਿਹਾ ਹੋਣਾ ਏ।

ਭਾਬੀ : ਸੀਤਾਂ ਖਰਚ ਤਾਂ ਹੋਣਾ ਹੀ ਹੋਇਆਂ, ਟੈਕਸੀ ਤੇ ਗਏ ਨੇ, ਵਜ਼ੀਰ ਨੂੰ ਮਿਲਣ ਜਾਣਾ ਹੋਵੇ ਜਾਂ ਕੋਈ ਸ਼ਿਫਾਰਸ ਨਾਲ ਲਿਜਾਣੀ ਹੋਵੇ ਤਾਂ ਟੈਕਸੀ ਕਰਨੀ ਹੀ ਪੈ ਦੀ ਏ। ਸੁਰਜੀਤ ਦੇ ਅੱਜ ਕੱਲ ਬੜੇ ਰੁਝੇਂਵੇ ਨੇ, ਉਤੋਂ ਭਾਵੇਂ ਉਹ ਕਹਿੰਦਾ ਸੀ ਕਿ ਬੱਸ 'ਚ ਹੀ ਚਲੇ ਜਾਂਦੇ ਹਾਂ ਪਰ ਵਿਚੋਂ ਉਹਦਾ ਦਿਲ ਸੀ ਕਿ ਟੈਕਸੀ ਹੋ ਜਾਵੇ ਤਾਂ ਚੰਗਾ ਏ। ਪਹਿਲੇ ਫੇਰੇ 800/-ਖਰਚ ਹੋ ਗਿਆ ਹੁਣ...

(ਕਾਰ ਰੁਕਣ ਦੀ ਆਵਾਜ਼)

ਸ਼ਾਇਦ ਉਹ ਆ ਗਏ ਹਨ।

(ਬਾਹਰ ਵੱਲ ਦੇਖਦੀਆਂ ਹਨ। ਬਲਦੇਵ ਪਰੇਸ਼ਾਨੀ ਦੀ ਹਾਲਤ ਵਿਚ ਪਹਿਲੇ ਆਂਦਾ ਹੈ। ਬਲਦੇਵ ਦੇ ਪਿਛੇ ਪਿਛੇ ਭਾਬੀ ਜਾਂਦੀ ਹੈ। ਸੁਰਜੀਤ ਬਾਹਰ ਦੇ ਦਰਵਾਜ਼ੇ ਤੋਂ ਆਂਦਾ ਹੈ)

ਬਲਦੇਵ : ਸੰਤੋਸ਼, ਜ਼ਰਾ ਅੰਦਰ ਆਉਣਾ

ਸੀਤਾ : (ਸੁਰਜੀਤ ਨੂੰ) ਸਤਿ ਸ੍ਰੀ ਅਕਾਲ ਵੀਰ ਜੀ

ਸੁਰਜੀਤ : ਸਤਿ ਸ੍ਰੀ ਅਕਾਲ, ਤੂੰ ਕਦੋਂ ਆ ਈ ਏਂ ?

ਸੀਤਾ : ਕੁਝ ਹੀ ਦਿਨ ਹੋਏ ਨੇ ਵੀਰ ਜੀ

ਸੁਰਜੀਤ : ਰਵੇਂਗੀ ?

ਸੀਤਾ : ਹਾਂ ਹੁਣ ਤਾਂ ਪੱਕਾ ਹੀ ਰਹਿਣ ਆਈ ਹਾਂ

ਸੁਰਜੀਤ : ਸਾਰਾ ਕੁਝ ਬੜਾ ਮਾੜਾ ਹੋਇਆ।

ਸੀਤਾ : ਵੀਰ ਜੀ, ਮੇਰੇ ਕੱਲਿਆਂ ਨਾਲ ਨਹੀਂ ਹੋਇਆ, ਹੁਣ ਤਾਂ ਘਰ ਘਰ ਹੀ...

ਸੁਰਜੀਤ : ਹਾਂ ਹੁਣ ਤਾਂ ਘਰ ਘਰ ਹੀ ਇਹੋ ਅੱਗ ਲੱਗ ਗਈ ਏ। (ਅਖਬਾਰ ਵਲ ਵੇਖਕੇ) ਅਖਬਾਰ ਵਿਚ ਤਾਂ ਇਹ ਖਬਰ ਅੱਜ ਆਈ ਏ ਚੰਡੀਗੜ੍ਹ ਤਾਂ ਕੱਲ ਹੀ ਭਾਜੜ ਪਈ ਰਹੀ ਹੈ। ਇਕ ਪਰਿਵਾਰ ਦੇ ਏਨੇ ਜੀਵ, ਬੜਾ ਅਨਰਥ ਹੋਇਆਂ ਏ। (ਗੱਲ ਮੋੜਕੇ) ਰਮੇਸ਼ ਬੜਾ ਵਧੀਆ ਨੌਜਵਾਨ ਸੀ, ਬਲਦੇਵ ਨੇ

ਤੇਰੇ ਲਈ ਉਹਦੀ ਚੋਣ ਕਰਨ ਵੇਲੇ ਮੇਰੇ ਨਾਲ ਸਾਰੀ ਸਲਾਹ ਕੀਤੀ ਸੀ, ਅਸੀਂ ਫੇਰ ਦੋਨੋਂ ਉਸਨੂੰ ਇਕੱਠੇ ਮਿਲੇ ਸਾਂ। ਕੀ ਪਤਾ ਸੀ ਇਹ ਸਭ ਕੁਝ ਏਨੀ ਜਲਦੀ ਬਦਲ ਜਾਏਗਾ ? (ਵਕਫਾ)

ਸੀਤਾ : ਵੀਰ ਜੀ ਚੰਡੀਗੜ੍ਹ ਕੁਝ ਕੰਮ ਬਣਿਆ ?

ਸੁਰਜੀਤ : ਨਹੀਂ, ਵਜ਼ੀਰ ਪਹਿਲੇ ਦੌਰੇ ਤੇ ਕਿਧਰੇ ਨਿਕਲਿਆ ਸੀ ਤਾਂ ਅੱਜ ਉਹ ਕੱਲ ਵਾਲੀ ਘਟਨਾ ਦੀ ਥਾਂ ਤੇ ਚਲਾ ਗਿਆ।

ਸੀਤਾ : ਹਾਂ ਜਿਹੜੀਆਂ ਕੱਲ ਵਿੱਧਵਾਵਾਂ ਹੋ ਗਈਆਂ ਹਨ, ਉਹਨਾਂ ਲਈ ਵੀਹ ਵੀਹ ਹਜ਼ਾਰ ਦੀ ਮਦਦ ਦਾ ਏਲਾਨ ਤਾਂ ਕਰਨਾ ਹੀ ਸੀ।

ਸੁਰਜੀਤ : ਐਵੇਂ ਪੰਜ ਮਿੰਟ ਦਾ ਫਰਕ ਪੈ ਗਿਆ। ਅਸੀਂ ਕੋਠੀ ਟੈਲੀਫੂਨ ਕੀਤਾ, ਕਹਿਣ ਲੱਗੇ ਆ ਜਾਓ, ਅਸੀ ਕਾਰ ਦੜਾਕੇ ਗਏ, ਪਰ ਉਹ ਪੰਜ ਮਿੰਟ ਪਹਿਲੇ ਨਿਕਲ ਗਿਆ ਸੀ। ਚੀਫ ਮਨਿਸਟਰ ਦਾ ਟੈਲੀਫੂਨ ਆ ਗਿਆ ਸੀ, ਫੌਰੀ ਕੇਬਨਿਟ ਮੀਟਿੰਗ ਤੇ ਆਉਣ ਲਈ।

ਸੀਤਾ : ਹਾਂ ਵੀਰ ਜੀ, ਏਡੀ ਵੱਡੀ ਘਟਨਾ ਹੋ ਗਈ ਸੀ; ਵਜ਼ੀਰਾਂ ਦੀ ਮੀਟਿੰਗ ਤੇ ਹੋਣੀ ਹੀ ਸੀ

ਸੁਰਜੀਤ : ਕੇਬੀਨਿਟ ਮੀਟਿੰਗ ਤੋਂ ਹੀ ਉਹ ਸਾਰੇ ਸਿੱਧਾ ਘਟਨਾ ਵਾਲੀ ਥਾਂ ਤੇ ਚਲੇ ਗਏ। ਅਸੀਂ ਫੇਰ ਇਹੀ ਸੋਚਿਆ ਕਿ ਹੋਰ ਉਡੀਕਨਾ ਠੀਕ ਨਹੀਂ, ਪਰ ਤੂੰ ਫਿੱਕਰ ਨਾ ਕਰ। ਮੈਂ ਇਹ ਕੰਮ ਜ਼ਰੂਰ ਕਰਵਾ ਦੇਵਾਂਗਾ। ਪਰ ਬਲਦੇਵ ਨੇ ਅੰਦਰ ਏਨੀ ਦੇਰ ਕਿਉਂ ਲਾ ਦਿਤੀ (ਕੁਝ ਸੋਚਕੇ) ਅੱਛਾ ਮੈਂ ਚਲਦਾ ਹਾਂ ਬਲਦੇਵ ਨੂੰ ਆਖੀਂ ਉਹਦਾ ਕੰਮ ਹੁਣ ਮੈਂ ਆਪ ਕਰਵਾਵਾਂਗਾ, ਉਹਦੇ ਚੰਡੀਗੜ੍ਹ ਜਾਣ ਦੀ ਲੋੜ ਨਹੀਂ (ਚਲਾ ਜਾਂਦਾ ਹੈ)

ਸੀਤਾ : ਸੁਰਜੀਤ ਵੀਰ ਚਲਾ ਗਿਆ ਏ, ਉਹ ਸ਼ਾਇਦ ਜਾਣ ਗਿਆ ਏ ਕਿ ਵੀਰ ਜੀ ਦੇਰ ਕਿਉਂ ਲਗਾ ਰਹੇ ਨੇ, ਉਹ ਜਾਣ ਗਿਆ ਹੈ ਕਿ ਘਰ ਵਿਚ ਟੈਕਸੀ ਨੂੰ ਦੇਣ ਲਈ ਪੈਸੇ ਨਹੀਂ, ਵੀਰ ਜੀ ਤੇ ਭਾਬੀ ਟਰੰਕਾਂ ਦੀਆਂ ਨੁੱਕਰਾਂ ਫੋਲ ਰਹੇ ਨੇ। ਇਹ ਜਿਹੜੀ ਘੁੱਸਰ ਮੁੱਸਰ ਅੰਦਰ ਹੋ ਰਹੀ ਸੀ, ਇਹ ਪੈਸਿਆਂ ਦੇ ਇੰਤਜ਼ਾਮ ਲਈ ਹੀ ਹੋ ਰਹੀ ਸੀ। ਬੋਗੁਨੀ ਤੋੜੀ ਗਈ ਏ, ਪਰ ਇਹਦੇ ਨਿੱਕੇ ਨਿੱਕੇ ਸਿੱਕੇ ਟੈਕਸੀ ਵਾਲੇ ਨੂੰ ਥੋੜੇ ਦਿਤੇ ਜਾ ਸਕਦੇ ਹਨ। ਭਾਬੀ ਪਿਛਲੇ ਬੂਹੇ ਤੋਂ ਗਲੀ ਦੀ ਨੁੱਕਰ ਵਾਲੀ ਦੁਕਾਨ ਤੇ ਗਈ ਏ ਤਾਂ ਜੋ ਇਹਨਾਂ ਸਿੱਕਿਆਂ ਨੂੰ ਵੱਡੇ ਨੋਟਾਂ ਵਿਚ ਬਦਲਿਆ ਜਾ ਸਕੇ, ਤਾਂ ਹੀ ਤਾਂ ਦੇਰ ਲੱਗ ਗਈ ਏ। (ਬਲਦੇਵ ਆਂਦਾ ਹੈ)

ਬਲਦੇਵ : ਸੁਰਜੀਤ ਚਲਾ ਗਿਆ ?

ਸੀਤਾਂ : ਹਾਂ ਵੀਰ ਜੀ, ਉਹ ਇਹੀ ਕਹਿਕੇ ਗਏ ਹਨ ਕਿ ਉਹ ਹੁਣ ਸਾਰਾ ਕੰਮ ਆਪ ਹੀ ਕਰਨਗੇ, ਤੁਹਾਨੂੰ ਫਿਕਰ ਦੀ ਲੋੜ ਨਹੀਂ।

ਬਲਦੇਵ : ਪਰ ਟੈਕਸੀ ਵਾਲੇ ਨੂੰ ਪੈਸੇ ਵੀ ਦੇਣੇ ਸਨ, ਹਾਲੇ ਉਥੇ ਹੋਟਲ ਵਾਲਿਆਂ ਨਾਲ ਵੀ ਉਧਾਰ ਕੀਤਾ ਏ। (ਥੱਕਿਆਂ ਵਾਂਗ ਬੈਠ ਜਾਂਦਾ ਹੈ)

ਸੀਤਾਂ : ਵੀਰ ਜੀ, ਤੁਸੀਂ ਇਹਨਾਂ ਚਾਰ ਦਿਨਾਂ ਵਿਚ ਕਿੰਨੇ ਲਿੱਸੇ ਹੋ ਗਏ ਹੋ।

ਬਲਦੇਵ : ਮੈਨੂੰ ਇੰਝ ਲਗਦੈ ਸੀਤਾ ਜਿਸ ਤਰ੍ਹਾਂ ਹੁਣ ਕੁਝ ਨਹੀਂ ਹੋਣ ਵਾਲਾ।

ਸੀਤਾ : ਤੁਸੀਂ ਇਸੇ ਤਰ੍ਹਾਂ ਹਿੰਮਤ ਕਿਉਂ ਹਾਰਦੇ ਹੋ ?

ਬਲਦੇਵ : ਨਹੀਂ ਸੀਤਾ ਹਿੰਮਤ ਹਾਰਨੇ ਵਾਲੀ ਗੱਲ ਨਹੀਂ। ਮੈਂ ਜਦੋਂ ਸੁਰਜੀਤ ਨੂੰ ਨਾਲ ਲੈ ਕੇ ਵਜ਼ੀਰ ਨੂੰ ਲਭਣ ਲਈ ਭਟੱਕ ਰਿਹਾ ਸਾਂ, ਤਾਂ ਮੈਂ ਥੋੜਾ ਨੀਵਾਂ ਨੀਵਾਂ ਮਹਿਸੂਸ ਕੀਤਾ। ਇਹ ਵਜ਼ੀਰ ਜਿਸ ਸਿਆਸਤ ਦੇ ਸਿਰ ਤੇ ਉਤੇ ਉਠੇ ਹਨ, ਮੈਂ ਬੁਨਿਆਦੀ ਤੌਰ ਤੇ ਇਸ ਸਿਆਸਤ ਦੇ ਵਿਰੁੱਧ ਹਾਂ। ਮੈਂ ਹਮੇਸ਼ਾ ਅਣੱਖ ਨਾਲ ਜੀਵਿਆਂ ਹਾਂ। ਮੈਂ ਅਣਖ ਨਾਲ ਨੌਕਰੀ ਕੀਤੀ ਹੈ, ਮੈਂ ਵੀ ਝੋਲੀ ਚੁੱਕੀ ਨਾਲ ਅਫਸਰਾਂ ਨੂੰ ਖੁਸ਼ ਕਰ ਸੱਕਦਾ ਸਾਂ। ਫੇਰ ਇਹ ਬਦਲੀ ਵੀ ਨਹੀਂ ਹੋਣੀ ਸੀ। ਮੈਂ ਹੁਣ ਚੰਡੀਗੜ੍ਹ ਨਹੀਂ ਜਾਵਾਂਗਾ, ਮੈਂ ਬਦਲੀ ਵਾਲੀ ਥਾਂ ਤੇ ਡਿਊਟੀ ਜਾਇਨ ਕਰਾਂਗਾ।

ਸੀਤਾ : ਨਹੀਂ ਵੀਰ ਜੀ ਬਦਲੀ ਵਾਲੀ ਥਾਂ ਤੇ ਮੈਂ ਤੁਹਾਨੂੰ ਨਹੀਂ ਜਾਣ ਦੇਣਾ ਉਸ ਇਲਾਕੇ ਵਿਚ ਤਾਂ ਲੋਕ ਦਿਨੇ ਵੀ ਬੰਦੂਕਾਂ ਲਈ ਫਿਰਦੇ ਨੇ। ਚਾਰ ਟੀਚਰਜ਼ ਨੂੰ ਸਕੂਲ ਸਮੇਂ ਹੀ ਮਾਰਿਆ ਗਿਆ। ਮੇਰਾ ਹੁਣ ਤੁਹਾਡੇ ਬਿਨਾਂ ਕੌਣ ਏ ?

ਬਲਦੇਵ : ਪਰ ਸੀਤਾ ਸਕੂਲ ਬੰਦ ਤਾਂ ਨਹੀਂ ਹੋ ਗਏ। ਉਥੇ ਹੋਰ ਵੀ ਮੇਰੇ ਵਰਗੇ ਟੀਚਰਜ਼ ਕੰਮ ਕਰ ਰਹੇ ਨੇ, ਤੂੰ ਅਪਣੀ ਭਾਬੀ ਨਾਲ ਇਥੇ ਰਵੀਂ, ਮੈਂ ਚਲਿਆ ਜਾਵਾਂਗਾ।

ਸੀਤਾ : ਵੀਰ ਜੀ ਮੇਰਾ ਇਕ ਘਰ ਖੁੱਸ ਗਿਆ, ਹੁਣ ਮੈਂ ਨਹੀਂ ਚਾਹੁੰਦੀ ਕਿ ਇਹ ਘਰ ਵੀ ਮੇਰੇ ਕੋਲੋਂ ਖੁੱਸੇ। ਮੈਂ ਨਹੀਂ ਤੁਹਾਨੂੰ ਜਾਣ ਦਿਆਂਗੀ। (ਰਿੱਸ ਪੈਂਦੀ ਹੈ)

ਬਲਦੇਵ : ਅੱਛਾ ਨਹੀਂ ਜਾਂਦਾ। ਤੂੰ ਜਾ ਇਹ ਪੈਸੇ ਭਾਬੀ ਨੂੰ ਦੇ ਦੇਵੀਂ ਸਾਂਭ ਲਏ।

(ਸੀਤਾ ਜਾਂਦੀ ਹੈ, ਬਲਦੇਵ ਪਹਿਲੇ ਉਠਕੇ ਇਧਰ ਉਧਰ ਟਹਿਲਦਾ ਹੈ ਤੇ ਫੇਰ ਕੁਰਸੀ ਤੇ ਬੈਠ ਜਾਂਦਾ ਹੈ। ਇਕ ਆਵਾਜ਼ ਆਂਦੀ ਹੈ ਜੋ ਅਸਲ ਵਿਚ ਬਲਦੇਵ ਦੀ ਅਪਣੀ ਅੰਦਰਲੀ ਆਵਾਜ਼

ਹੈ–ਇਹ ਸੀਨ ਪਿਠ ਭੂਮੀ ਤੇ ਦੋ ਆਵਾਜ਼ਾਂ ਦੇ ਟਕਰਾਅ ਨਾਲ ਵੀ ਪੇਸ਼ ਕੀਤਾ ਜਾ ਸਕਦਾ ਹੈ, ਜਾਂ ਇਕ ਆਵਾਜ਼ ਪਿੱਠ ਭੂਮੀ ਤੇ ਇਕ ਬਲਦੇਵ ਦੀ ਅਪਣੀ ਹੋ ਸਕਦੀ ਹੈ)

ਆਵਾਜ਼ : ਮਾਸਟਰ ਬਲਦੇਵ ਰਾਜ ਕੀ ਸੋਚ ਰਿਹੈਂ ?

ਬਲਦੇਵ : ਸੋਚ ਰਿਹੈਂ ਕਿ ਇਹ ਪੰਜਾਬ ਵਿਚ ਕਿਹੋ ਜਿਹਾ ਵਾਤਾਵਰਨ ਬਣ ਗਿਆ ਏ ।

ਆਵਾਜ਼ । ਕਿਹੋ ਜਿਹਾ ਬਣ ਗਿਆ ਏ ?

ਬਲਦੇਵ : ਸਭ ਕੁਝ ਉੱਲਟ ਪੁੱਲਟ ਹੋ ਗਿਆ ਏ। ਸਾਡੀ ਟੀਚਰਜ਼ ਯੂਨੀਅਨ ਦੀਆਂ ਮੀਟਿੰਗਾਂ ਹੁੰਦੀਆਂ ਸਨ, ਸਾਰੀ ਸਾਰੀ ਰਾਤ ਸਫ਼ਰ ਕਰੀਦਾ ਸੀ। ਹਾਲੀ ਥੋੜੀ ਦੇਰ ਹੋਈ ਏ ਸਾਰੇ ਪੰਜਾਬ ਵਿਚ ਦੇਰ ਰਾਤ ਤਕ ਬਸਾਂ ਚਲਦੀਆਂ ਸਨ । ਚੰਡੀਗੜ੍ਹ ਵਲ ਸਾਰਿਓਂ ਪਾਸੇ ਨਾਈਟ ਸਰਵਿਸਾਂ ਚਲਦੀਆਂ ਸਨ, ਕੋਈ ਚੋਰੀ ਨਹੀਂ, ਕੋਈ ਡਕੈਤੀ ਨਹੀਂ, ਹੁਣ ਦਿਨੇ ਵੀ ਸਫਰ ਕਰਨਾ ਮੁਸ਼ਕਲ ਹੋ ਗਿਆ ਏ ।

ਆਵਾਜ਼ : ਮਾਸਟਰ ਬਲਦੇਵ ਰਾਜ, ਤੂੰ ਤਾਂ ਹਮੇਸ਼ਾਂ ਸਿਆਸੀ ਸੰਘਰਸ਼ਾਂ ਦੇ ਦਰਮਿਆਨ ਰਿਹਾ ਏ । ਇਹ ਕਿਉਂ ਨਹੀਂ ਸਮਝਦਾ ਕਿ ਇਹ ਵੀ ਤਾਂ ਸਿਆਸੀ ਸੰਘਰਸ਼ ਏ । ਜੋ ਪੰਜਾਬ ਦੇ ਲੋਕ ਸ਼ਾਇਦ ਆਪਣੀ ਹੋਣੀ ਦੇ ਆਪ ਮਾਲਕ ਬਣਨ ਲਈ ਚਲਾ ਰਹੇ ਨੇ ।

ਬਲਦੇਵ : ਇਹ ਕਾਹਦਾ ਸੰਘਰਸ਼ ਏ ਸਾਧਾਰਨ ਬੰਦਿਆਂ ਨੂੰ ਡਰਾਇਆ ਜਾਏ ਕਿ ਉਹ ਆਪਣੀ ਧਰਤੀ ਛੱਡ ਦੇਣ ਆਪਣਾ ਕਾਰੋਬਾਰ ਛੱਡ ਦੇਣ। ਇਕ ਉਜਾੜਾ ਅੱਗੇ ਉਹਨਾਂ ਨੇ ਮਸਾਂ ਬਰਦਾਸ਼ਤ ਕੀਤਾ ਤੇ ਦੂਜਾ ਉਜਾੜਾ

ਆਵਾਜ਼ : ਦੂਜਾ ਉਜਾੜਾ ?

ਬਲਦੇਵ : ਪਾਕਿਸਤਾਨ ਤੋਂ ਉਜੜੇ ਰੁਲੀਆ ਰਾਮ ਏਧਰ ਦੇ ਪੰਜਾਬ ਆ ਵੱਸਿਆ । ਸੇਵਾ ਰਾਮ ਜਾ ਦਿੱਲੀ ਆਬਾਦ ਹੋਇਆ ।

ਹੁਣ ਰੁਲੀਆ ਰਾਮ ਨੂੰ ਫੇਰ ਉੱਜੜ ਕੇ ਹਰਿਆਨਾ ਜਾਂ ਦਿੱਲੀ ਜਾਣਾ ਪਏਗਾ, ਸੇਵਾ ਸਿੰਘ ਨੂੰ ਉੱਜੜਕੇ ਪੰਜਾਬ ਆਉਣਾ ਪਏਗਾ ।

ਆਵਾਜ਼ : ਉਸ ਵੇਲੇ ਤਾਂ ਅੰਗਰੇਜ਼ਾਂ ਦਾ ਰਾਜ ਸੀ, ਪਰ ਹੁਣ ਤਾਂ ਆਪਣੇ ਲੋਕਾਂ ਦਾ ਰਾਜ ਏ, ਹੁਣ ਸਰਕਾਰ ਇਹੋ ਜਿਹੇ ਕਦਮ ਕਿਉਂ ਨਹੀਂ ਚੁੱਕਦੀ, ਜਿਸ ਨਾਲ ਸੁਲਾਹ ਸਫਾਈ ਹੋਵੇ ।

ਬਲਦੇਵ : ਪਰ ਕੀ ਮੁੰਡੇ ਸੁਲਾਹ ਸਫਾਈ ਹੋਣ ਦੇਣਗੇ ?

ਆਵਾਜ਼ : ਇਹਨਾਂ ਦੇ ਮਸਲੇ ਸਮਝੇ ਜਾਣ ਤਾਂ ਕੁਝ ਰਾਹ ਲੱਭਿਆ ਹੀ ਜਾ ਸਕਦੈ ।

ਬਲਦੇਵ : ਕੀ ਨੇ ਇਹਨਾਂ ਦੇ ਮਸਲੇ ?

ਆਵਾਜ਼ : ਇਹ ਤੇ ਕਿਸਾਨਾਂ ਦੇ ਮੁੰਡੇ ਨੇ, ਇਹਨਾਂ ਲਈ ਰੁਜ਼ਗਾਰ ਨਹੀਂ, ਚੰਗੀਆਂ ਨੌਕਰੀਆਂ ਨਹੀਂ ।

ਬਲਦੇਵ : ਕਿਉਂ ਨਹੀਂ ਇਹਨਾਂ ਲਈ ਚੰਗੀਆਂ ਨੌਕਰੀਆਂ, ਇਹਦਾ ਵੀ ਕੋਈ ਕਾਰਨ ਹੋਵੇਗਾ ?

ਆਵਾਜ਼ : ਕਿਉਂਕਿ ਇਸ ਪੜ੍ਹਾਈ ਦੇ ਸਿਸਟਮ ਵਿਚ ਇਹ ਸ਼ਹਿਰੀਆਂ ਦੇ ਮੁੰਡਿਆਂ ਦਾ ਮੁਕਾਬਲਾ ਨਹੀਂ ਕਰ ਸਕਦੇ ਉਹਨਾਂ ਨੂੰ ਇਕ ਰੋਸ ਹੈ, ਕੀ ਉਹਨਾਂ ਦਾ ਇਹ ਰੋਸ ਜਾਇਜ਼ ਨਹੀਂ ?

ਬਲਦੇਵ : ਕੌਣ ਕਹਿੰਦਾ ਏ ਜਾਇਜ਼ ਨਹੀਂ ।

ਆਵਾਜ਼ : ਬਿਜਲੀ ਮਹਿਕਮਾ ਵਧਿਆ ਏ, ਛੋਟਾ ਸਟਾਫ ਸਾਰੇ ਪਿੰਡਾਂ ਦੇ ਮੁੰਡਿਆਂ ਦਾ ਏ, ਅਫਸਰ ਸਾਰੇ ਸ਼ਹਿਰਾਂ ਦੇ ਪੜ੍ਹੇ ਹੋਏ ਨੇ ।

ਬਲਦੇਵ : ਬਿਜਲੀ ਦਾ ਮਹਿਕਮਾ ਕੀ, ਹਰ ਥਾਂ ਇਹੋ ਹਾਲ ਏ ।

ਆਵਾਜ਼ : ਇਹ ਇਕ ਨਾਬਰਾਬਰੀ ਦਾ ਸਮਾਜ ਏ, ਮਸਲੇ ਦੀ ਜੜ੍ਹ ਤਾਂ ਸਾਰੀ ਇਹੀ ਏ ।

ਬਲਦੇਵ : ਕੌਣ ਇਸ ਗੱਲ ਤੋਂ ਇਨਕਾਰੀ ਏ ਕਿ ਮਸਲੇ ਦੀ ਜੜ੍ਹ ਤਾਂ ਇਹੀ ਏ । ਜੇ ਇਹੋ ਜਿਹਾ ਸਮਾਜ ਬਣ ਜਾਏ ਸਾਰਿਆਂ ਨੂੰ ਵਧਣ ਲਈ ਇਕੋ ਜਿਹੇ ਮੌਕੇ ਦਿਤੇ ਜਾਣ, ਪਲਾਨ ਇਹੋ ਜਿਹੇ ਬਣ ਜਾਣ ਕਿ ਕੋਈ ਬੇਰੁਜ਼ਗਾਰ ਨਾ ਰਹੇ ।

ਆਵਾਜ਼ : ਹਾਂ ਮਾਸਟਰ ਬਲਦੇਵ ਰਾਜ, ਜੇ ਇਸ ਤਰ੍ਹਾਂ ਹੋ ਜਾਏ, ਫੇਰ ਇਹ ਕਿਉਂ ਇਹ ਮਤ ਫੜਨਗੇ ? ਕੀ ਕਿਸੇ ਨੌਜਵਾਨ ਦਾ ਦਿਲ ਕਰੇਗਾ ਕਿ ਉਹਦੇ ਸਾਹਮਣੇ ਇਕ ਬੇਗੁਨਾਹ ਬੰਦਾ ਖੜਾ ਹੋਵੇ, ਉਹ ਜਾਨ ਬਖਸ਼ੀ ਲਈ ਤਰਲੇ ਕਰਦਾ ਹੋਵੇ, ਉਹਦੇ ਬੱਚੇ ਰੋ ਰੋ ਕੇ ਕਹਿੰਦੇ ਹੋਣ, ਮੇਰੇ ਭਾਪੇ ਨੂੰ ਨਾਂ ਮਾਰੋ. ਉਹਦੀ ਪਤਨੀ ਹੱਥ ਜੋੜ ਰਹੀ ਹੋਵੇ, ਮੈਨੂੰ ਮਾਰ ਲਵੋ, ਮੇਰੇ ਬੱਚਿਆਂ ਦੇ ਸਹਾਰੇ ਨੂੰ ਨਾ ਮਾਰੋ ਤੇ ਉਹਨਾਂ ਉਤੇ ਕੋਈ ਅਸਰ ਨਾ ਹੋਇਆ ਹੋਵੇ ।

ਬਲਦੇਵ : ਤੂੰ ਇਸ ਤਰ੍ਹਾਂ ਕਹਿ ਕੇ ਖਾਮਖਾਹ ਇਹਨਾਂ ਮੁੰਡਿਆਂ ਦੇ ਗੁਨਾਹਾਂ ਤੇ ਪਰਦਾ ਨਾ ਪਾ, ਇਹਨਾਂ ਦੇ ਦਿਲਾਂ ਵਿਚ ਜਿੰਨਾ ਮਰਜ਼ੀ ਰੋਸ ਹੋਵੇ ਪਰ ਜੋ ਖੇਡ ਇਹ ਖੇਡ ਰਹੇ ਨੇ,ਇਹ ਇਨਸਾਨਾਂ ਦੀ ਖੇਡ ਨਹੀਂ ਏ

ਆਵਾਜ਼ : ਪਰ ਕੀ ਉਹ ਇਨਸਾਨਾਂ ਦੀ ਖੇਡ ਏ ਜਦੋਂ ਇਹਨਾਂ ਨੂੰ ਨਹਿਰਾਂ ਤੇ ਡਰੇਨਾਂ ਤੇ ਲਿਜਾਕੇ ਝੂਠੇ ਮੁਕਾਬਲੇ ਬਣਾ ਕੇ ਮਾਰਿਆ ਜਾਂਦਾ ਹੈ, ਇਹਨਾਂ ਦੇ ਬਜ਼ੁਰਗਾਂ ਦੀਆਂ ਦਾੜ੍ਹੀਆਂ ਸੱਥਾਂ ਵਿਚ ਖੋਹੀਆਂ, ਜਾਂਦੀਆਂ ਹਨ, ਇਹਨਾਂ ਦੀਆਂ ਭੈਣਾਂ, ਮਾਵਾਂ, ਪਤਨੀਆਂ ਨੂੰ ਸ਼ਰੇਆਮ ਬੇਪੱਤ ਕੀਤਾ ਜਾਂਦਾ ਹੈ ? ਤੂੰ ਉਸ ਵੇਲੇ ਚੁੱਪ ਕਿਉਂ ਰਹਿੰਦਾ ਏ ?

ਬਲਦੇਵ : (ਚੀਕਕੇ) ਕੌਣ ਕਹਿੰਦਾ ਏ ਮੈਂ ਚੁੱਪ ਰਹਿੰਦਾ ਹਾਂ, ਮੈਂ ਤਾਂ ਉਸ ਵੇਲੇ ਵੀ ਕੂਕਦਾ ਹਾਂ, ਬਹੁਤ ਉੱਚੀ ਕੂਕਦਾ ਹਾਂ—ਮੈਂ ਹਰ ਜ਼ੁਲਮ ਦੇ ਵਿਰੁਧ ਕੂਕਦਾ ਹਾਂ ਪਰ ਮੇਰੀ ਸੁਣਦਾ ਕੌਣ ਏ ਮੈਂ ਇਕ ਗਰੀਬ ਮਾਸਟਰ, ਇਕ ਵਿਧਵਾ ਭੈਣ ਦਾ ਭਰਾ, ਜਿਸ ਭੈਣ ਦਾ ਸਭ ਕੁਝ ਇਸ ਗੈਰ ਇਨਸਾਨੀ ਖੇਡ ਵਿਚ ਲੁੱਟਿਆ ਗਿਆ—ਹਾਂ ਇਕ ਗਰੀਬ ਮਾਸਟਰ ਜਿਸਦੀ ਬਦਲੀ ਕਰਕੇ ਉਹਨੂੰ ਮੌਤ ਦੇ ਮੂੰਹ ਵਿਚ ਧਕੇਲਿਆ ਜਾ ਰਿਹਾ ਹੈ ਤਾਂ ਜੋ ਉਹਦੀ ਆਵਾਜ਼ ਬੰਦ ਕੀਤੀ ਜਾ ਸਕੇ...ਪਰ ਮੈਂ ਆਪਣੀ ਆਵਾਜ਼ ਬੰਦ ਨਹੀਂ ਕਰਾਂਗਾ ਮੈਂ ਇਸ ਸਭ ਕੁਝ ਦਾ ਮੁਕਾਬਲਾ ਕਰਾਂਗਾ, ਇਸ ਧਰਤੀ ਤੇ ਮੇਰੇ ਵਰਗੇ ਬਹੁਤ ਨੇ, ਅਸੀਂ ਸੱਚ ਦੀ ਆਵਾਜ਼ ਨੂੰ ਬੰਦ ਨਹੀਂ ਹੋਣ ਦਿਆਂਗੇ, ਹਾਂ ਬੰਦ ਨਹੀਂ ਹੋਣ ਦਿਆਂਗੇ।

(ਇਹ ਆਖਰੀ ਸ਼ਬਦ ਬਲਦੇਵ ਬਹੁਤ ਜ਼ੋਰ ਨਾਲ ਬੋਲਦਾ ਹੈ। ਭਾਬੀ ਘਬਰਾਈ ਹੋਈ ਆਂਦੀ ਹੈ)

ਭਾਬੀ : (ਝੰਜੋੜਕੇ) ਕੀ ਹੋਇਆ ਤੁਹਾਨੂੰ ? ਕੀਹਦੇ ਨਾਲ ਗੱਲਾਂ ਕਰ ਰਹੇ ਸੀ ?

ਬਲਦੇਵ : (ਸੰਭਲਕੇ) ਕਿਸੇ ਨਾਲ ਨਹੀਂ (ਮੂਡ ਬਦਲਕੇ) ਸਵੇਰੇ ਮੈਂ ਡਿਊਟੀ ਜਾਇਨ ਕਰਨ ਲਈ ਜਾਵਾਂਗਾਂ।

ਭਾਬੀ : ਪਰ ਸੁਰਜੀਤ ਤਾਂ ਕਹਿੰਦਾ ਏ ਕਿ ਬੱਦਲੀ ਰੁੱਕ ਜਾਏਗੀ।

ਬਲਦੇਵ : ਨਹੀਂ ਇਹ ਰੋਕੀ ਨਹੀਂ ਜਾ ਸਕਦੀ—ਚੱਲ ਮੈਨੂੰ ਰੋਟੀ ਦੇ, ਬਹੁਤ ਭੁੱਖ ਲੱਗੀ ਏ, ਬੜੇ ਦਿਨ ਹੋ ਗਏ ਨੇ ਮੈਂ ਸੁੱਤਾ ਨਹੀਂ, ਅੱਜ ਦੀ ਰਾਤ ਮੈਂ ਬਹੁਤ ਡੂੰਘੀ ਨੀਂਦੇ ਸੌਂਵਾਂਗਾ।

(ਦੋਨੋਂ ਜਾਂਦੇ ਹਨ ਥੋੜ੍ਹਾ ਜਿਹਾ ਸੰਗੀਤ। ਸੀਤਾ ਮੰਚ ਤੇ ਆਂਦੀ ਹੈ)

ਸੀਤਾ : ਹੁਣ ਅਗਲੀ ਸਵੇਰ ਚੜ੍ਹ ਗਈ ਹੈ। ਵੀਰ ਜੀ ਜਾਣ ਦੀ ਤਿਆਰੀ ਕਰ ਰਹੇ ਹਨ। ਉਹਨਾਂ ਦੇ ਗਲ ਵਿਚ ਥੈਲਾ ਏ ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਕਿਸੇ ਮੀਟਿੰਗ ਤੇ ਜਾਣ ਵੇਲੇ ਉਹਨਾਂ ਦੇ ਗਲ ਹੁੰਦਾ ਹੈ। ਕਿਸੇ ਜਲਸੇ ਵਿਚ ਜਾਂਦੇ ਹਨ, ਕਿਸੀ ਰੈਲੀ ਵਿਚ ਜਾਂਦੇ ਹਨ। ਐਸਾ ਜਲਸਾ, ਐਸੀ ਰੈਲ ਜਿਥੇ ਇਹ ਵੀ ਡਰ ਹੁੰਦਾ ਹੈ ਕਿ ਗੋਲੀ ਵੀ ਚੱਲ ਸਕਦੀ ਏ।

(ਵੀਰ ਜੀ ਆਂਦੇ ਹਨ)

ਸੀਤਾ : ਵੀਰ ਜੀ, ਤੁਸੀਂ ਜਾ ਰਹੇ ਹੋ ?

ਬਲਦੇਵ : ਹਾਂ ਸੀਤਾ ਹੁਣ ਜਾਣਾ ਹੀ ਪੈਣਾ ਏ।

ਸੀਤਾ : ਵੀਰ ਜੀ...ਆਪਣਾ ਧਿਆਨ ਰੱਖਣਾ (ਫਿਸ ਪੈਂਦੀ ਹੈ)

ਬਲਦੇਵ : (ਆਪਣੇ ਕਲਾਵੇ ਵਿਚ ਲੈਂਦੇ ਹੋਏ) ਹੌਂਸਲਾ ਕਰ, ਕੁਝ ਨਹੀਂ ਹੁੰਦਾ ਮੈਨੂੰ, ਮੈਂ ਜਲਦੀ ਆ ਜਾਵਾਂਗਾ, ਮਕਾਨ ਮਿਲਦੇ ਹੀ, ਤੈਨੂੰ ਤੇ ਤੇਰੀ ਭਾਬੀ ਨੂੰ ਲੈਣ। (ਜਾਂਦਾ ਹੈ, ਸੀਤਾ ਸੰਭਲਦੀ ਹੈ)

ਸੀਤਾ : ਵੀਰ ਜੀ ਚਲੇ ਗਏ ਹਨ, ਮੈਂ ਉਹਨਾਂ ਨੂੰ ਦੇਖਦੀ ਰਹੀ, ਉਹਨਾਂ ਦੇ ਕਦਮਾਂ ਵਿਚੋਂ ਦ੍ਰਿੜਤਾ ਸੀ, ਲਾਮ ਵਿਚ ਜਾਂਦੇ ਇਕ ਸਿਪਾਹੀ ਦੇ ਕਦਮਾਂ ਦੀ ਦ੍ਰਿੜਤਾ ਜੋ ਹਰ ਹਾਲਤ ਵਿਚ ਜੰਗ ਵਿਚ ਦੁਸ਼ਮਣ ਦਾ ਮੁਕਾਬਲਾ ਬਹਾਦਰੀ ਨਾਲ ਕਰਨਾ ਚਾਹੁੰਦਾ ਹੈ ਪਰ (ਤਸਵੀਰਾਂ ਵਲ ਵੇਖਦੇ ਹੋਏ) ਇਹਨਾਂ ਤਸਵੀਰਾਂ ਵਿਚ ਚਿਹਰੇ ਬਦਲ ਰਹੇ ਹਨ ? ਨਹੀਂ ਇਹ ਚਿਹਰਾ ਮੇਰਾ ਨਹੀਂ...ਫੇਰ ਇਹ ਕਿਸਦਾ ਚਿਹਰਾ ਹੈ ਮੈਂ ਇਹਨੂੰ ਕਿਧਰੇ ਵੇਖਿਆ ਹੋਇਆ ਏ, ਇਹ ਮੇਰਾ ਪਹਿਚਾਣਿਆ ਹੋਇਆ ਚਿਹਰਾ ਏ...ਇਹ ਮੇਰੀ ਭਾਬੀ ਦਾ...ਨਹੀਂ, ਨਹੀਂ...

(ਡਰ ਨਾਲ ਉਹਦੀ ਚੀਕ ਨਿਕਲਦੀ ਹੈ। ਭਾਬੀ ਦੌੜਦੀ ਆਂਦੀ ਹੈ। ਸੀਤਾ ਉਹਨੂੰ ਚੰਬੜ ਜਾਂਦੀ ਹੈ)

ਭਾਬੀ : ਕੀ ਹੋਇਆ ਸੀਤਾ ?

ਸੀਤਾ : ਕੁਝ ਨਹੀਂ ਭਾਬੀ, ਮੈਨੂੰ ਮੁਆਫ ਕਰ ਦੇ ਭਾਬੀ, ਮੈਨੂੰ ਬੜਾ ਭੈੜਾ ਖਿਆਲ ਆਇਆ ਏ। ਇਹਨਾਂ ਤਸਵੀਰਾਂ ਨੂੰ ਹਟਾ ਲੈ, ਮੈਨੂੰ ਇਹਨਾਂ ਤੋਂ ਡਰ ਲਗਦੈ, ਮੈਨੂੰ ਇਹਨਾਂ ਤੋਂ ਡਰ ਲਗਦੈ।

(ਤੇ ਹੌਲੇ ਹੌਲੇ ਫੇਡ ਆਊਟ)

—ਸਮਾਪਤ—

(ਮਿੱਤਰ ਸੈਨ ਮੀਤ ਦੀ ਕਹਾਣੀ ਲਾਮ ਤੋਂ ਪ੍ਰੇਰਤ)

---

## "ਪੈਗਾਮ" ਵਿਰੁੱਧ ਦਬਾਊ ਕਾਰਵਾਈ ਦੀ ਨਿਖੇਧੀ

ਅਸੀਂ, ਪੰਜਾਬ ਸਰਕਾਰ ਵਲੋਂ ਪੰਜਾਬੀ ਮਾਸਕ ਪਰਚੇ ਪੈਗਾਮ ਵਿਰੁੱਧ ਉਠਾਏ ਦਬਾਊ ਕਦਮਾਂ ਦੀ ਜ਼ੋਰਦਾਰ ਨਿੰਦਿਆ ਕਰਦੇ ਹਾਂ। ਪੈਗਾਮ ਦੇ ਅਗਸਤ ਅੰਕ ਵਿਚ ਜ਼ਿਲਾ ਫਰੀਦਕੋਟ ਅੰਦਰ ਪੁਲਸ ਮੁਕਾਬਲਿਆਂ ਦੀ ਕਹਾਣੀ ਨੂੰ ਠੋਸ ਤੱਥਾਂ ਤੇ ਵੇਰਵਿਆਂ ਸ਼ਹਿਤ ਝੁਠਲਾਉਂਦੀ ਪੜਤਾਲੀਆਂ ਰਿਪੋਰਟ ਛਾਪੇ ਜਾਣ ਤੋਂ ਫੌਰੀ ਸਾਅਦ ਪੁਲਸ ਅਧਿਕਾਰੀਆਂ ਵਲੋਂ ਜਿਸ ਢੰਗ ਨਾਲ ਪ੍ਰਿੰਟਿੰਗ ਪ੍ਰੈਸ. ਦੇ ਮਾਲਕ ਨੂੰ ਨੰਗੀਆਂ ਧਮਕੀਆਂ ਦੇ ਕੇ ਪਰਚੇ ਦਾ ਪ੍ਰਕਾਸ਼ਨ ਬੰਦ ਕਰਨ ਦੇ ਹੁਕਮ ਚੱਜ ਦਿਤੇ ਗਏ ਹਨ ਅਤੇ ਪੈਗ਼ਾਮ ਦੇ ਸੰਪਾਦਕ ਮਾਲਵਿੰਦਰ ਸਿੰਘ ਮਾਲੀ ਨੂੰ ਗ੍ਰਿਫਤਾਰ ਕਰਨ ਲਈ ਜ਼ੋਰਦਾਰ ਕੋਸ਼ਿਸ਼ਾਂ ਸ਼ੁਰੂ ਕਰ ਦਿਤੀਆਂ ਗਈਆਂ ਹਨ, ਇਸ ਤੋਂ ਇਹ ਗੱਲ ਪਰਤੱਖ ਹੋ ਜਾਂਦੀ ਹੈ ਕਿ ਪੰਜਾਬ

ਕਹਾਣੀ

# ਲੜਾਈ ਜ਼ਰਬ ਲੜਾਈ

ਦਰਸ਼ਨ ਦਰਵੇਸ਼

ਪੰਜਾਬ ਦੇ ਦੁਖਾਂਤ ਵਿਚ ਉਹ 72 ਘੰਟੇ ਸ਼ਾਮਲ ਹਨ, ਜਦੋਂ ਹਰਮੰਦਰ ਸਾਹਿਬ ਵਿਚ ਕੁਝ ਸ਼ਰਧਾਲੂ ਵਰਦੀ ਅੱਗ ਵਿਚ ਘਿਰ ਗਏ। ਦਰਸ਼ਨ ਦਰਵੇਸ਼ ਦੀ ਇਹ ਕਹਾਣੀ ਇਸ ਦੁਖਾਂਤਕ ਇਤਿਹਾਸ ਦੇ ਕੁਝ ਪੰਨੇ ਪਰਤਦੀ ਹੈ।ਸੰਪਾਦਕ

ਪਤਨੀ ਕੱਲ ਦੀ ਕਮਰੇ ਵਿੱਚ ਵਾਪਸ ਨਹੀਂ ਪਰਤੀ।

ਉਹ ਪੱਤਣੋਂ ਨਾਲ ਲੱਗੇ ਟੋਭੇ ਦੇ ਪਾਣੀ ਵਾਂਗ ਕੰਧ ਨਾਲ ਢੋ ਲਾਈ ਬੈਠਾ ਹੈ। ਉਸਦੀਆਂ ਸੋਚਾਂ ਥਾਲੀ ਦੇ ਪਾਣੀ ਵਾਂਗ ਛਲਕ ਰਹੀਆਂ ਹਨ। ਕੱਚ ਦੇ ਤਿੜਕਣ ਵਾਂਗ ਉਹ ਅੰਦਰੋਂ ਸਾਰੇ ਦਾ ਸਾਰਾ ਤਿੜਕ ਗਿਆ ਹੈ।

ਕਮਰੇ ਵਿਚ ਉਸਤੋਂ ਇਲਾਵਾ ਹੋਰ ਵੀ ਬਹੁਤ ਹਨ ਜੋ ਭੁੱਖ ਨਾਲ ਵਿਲਕ ਰਹੇ ਹਨ।

ਕੋਈ ਵੀ ਨਹੀਂ ਬਹੁੜ ਰਿਹਾ ਜੋ ਉਹਨਾਂ ਭੁੱਖਿਆਂ ਨੂੰ ਆਸਰਾ ਦੇ ਦੇਵੇ। -

ਨਾਲਦਿਆਂ ਅਤੇ ਉਹਨਾਂ ਦੇ ਨਾਲ ਲੱਗਦਿਆਂ ਬਹੁਤ ਸਾਰਿਆਂ ਕਮਰਿਆਂ ਵਿਚ ਇਹੋ ਜਿਹੇ ਕਿੰਨੇ ਹੀ ਲੋਕ ਹਨ ਪਰ ਸਭ ਮਾਯੂਸ ਹਨ.ਸਭ ਉਦਾਸ ਹਨ।

ਹੌਂਸਿਆਂ ਦੀ ਭਾਸ਼ਾ 'ਚ ਗੱਲ ਕਰਨੀ ਸਭ ਨੂੰ ਭੁੱਲ ਗਈ ਹੈ।

ਬੱਚਿਆਂ ਦਾ ਚੀਕ ਚਿਹਾੜਾ ਸਭ ਕਮਰਿਆਂ ਚੋਂ ਸੁਣਾਈ ਦੇ ਰਿਹਾ ਹੈ।

ਬੱਚਿਆਂ ਦੀ ਭੁੱਖ ਵੇਖਦਿਆਂ ਸਭ ਦੀਆਂ ਅੱਖਾਂ ਵਿਚ ਤਰਸ ਦਾ ਪਾਣੀ ਤੈਰ ਆਇਆ ਹੈ। ਅੰਦਰੋਂ ਹਰ ਕੋਈ ਰੋ ਰਿਹਾ ਹੈ ਪਰ ਅੱਖਾਂ ਥਾਣੀਂ ਕੋਈ ਵੀ ਨਹੀਂ ਵਹਿ ਰਿਹਾ।

ਕੋਲ ਤਾਂ ਕਿਸੇ ਦੇ ਵੀ ਕੁੱਝ ਨਹੀਂ ਸੀ ਅਤੇ ਖਾਣ ਪੀਣ ਨੂੰ ਮਿਲ ਨਹੀਂ ਸੀ ਰਿਹਾ। ਸੋ ਮਾਵਾਂ ਦੀਆਂ ਛਾਤੀਆਂ ਦਾ ਦੁੱਧ ਸੁੱਕ ਗਿਆ ਹੈ ਉਹ ਦੁੱਧ ਕਿਥੋਂ ਲਿਆਉਣੇ। ਕਿਸੇ ਨੂੰ ਵੀ ਬਾਹਰ ਨਿੱਕਲਣ ਦਾ ਹੁਕਮ ਨਹੀਂ ਹੈ।

ਮੋਹ ਦੇ ਬੋਲਾਂ ਵਿਚ ਵੀ ਕੋਈ ਬੋਲੇ ਤਾਂ ਕਿਵੇਂ ?

---

ਪ੍ਰਸ਼ਾਸ਼ਨ ਨਾ.ਸਿਰਫ਼ ਸਿੱਖ ਨੌਜਵਾਨਾਂ ਨੂੰ.ਝੂਠੇ ਮੁਕਾਬੇਲਿਆਂ ਰਾਹੀਂ ਖਤਮ ਕਰਨ ਦੀ ਆਪਣੀ ਵਹਿਸ਼ੀ ਨੀਤੀ ਜਾਰੀ ਰੱਖਣ ਲਈ ਬਜ਼ਿਦ ਹੈ, ਸਗੋਂ ਇਸ਼ ਨਾਦਰਸ਼ਾਹੀ ਵਿਰੁੱਧ ਉਠਣ ਵਾਲੀ ਹਰ ਜਮਹੂਰੀ ਅਵਾਜ਼ ਦੀ ਸੰਘੀ ਨੱਪਣ ਦੀ ਫਾਸ਼ੀ ਬਿਰਤੀ ਵੀ ਪਾਲ ਰਿਹਾ ਹੈ। ਮਨੁੱਖੀ ਗੌਰਵ ਤੇ ਜਮਹੂਰੀ ਹੱਕਾਂ ਦੀ ਕਦਰ ਕਰਨ ਵਾਲੇ ਹਰ ਵਿਅਕਤੀ ਸੰਸਥਾ ਤੇ ਜਥੇਬੰਦੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਪੰਜਾਬ ਪ੍ਰਸ਼ਾਸਨ ਦੀ ਇਸ ਧੱਕੇਸ਼ਾਹੀ ਵਿਰੁੱਧ ਬੇਖੌਫ਼ ਤੇ ਡੱਟਵੀਂ ਅਵਾਜ਼ ਬੁਲੰਦ ਕਰੇ।

| **ਜਸਟਿਸ ਅਜੀਤ ਸਿੰਘ ਬੈਂਸ** | **ਸੰਤ ਸਿੰਘ ਸੇਖੋਂ** | **ਅਜਮੇਰ ਸਿੰਘ ਲੱਖੋਵਾਲ** |
|---|---|---|
| ਪ੍ਰਧਾਨ, ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ। | ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ | ਜਨਰਲ ਸਕੱਤਰ, ਭਾਰਤੀ ਕਿਸਾਨ ਯੂਨੀਅਨ। |

ਜਸਵੰਤ ਸਿੰਘ ਕੰਵਲ, ਡਾ. ਦਲੀਪ ਕੌਰ ਟਿਵਾਣਾ, ਪ੍ਰੋ: ਕਿਸ਼ਨ ਸਿੰਘ, ਗੁਰਸ਼ਰਨ ਸਿੰਘ (ਨਾਟਕਕਾਰ), ਗੁਰਵੇਲ ਪੰਨੂੰ, ਪ੍ਰੋ: ਅਜਮੇਰ ਸਿੰਘ ਔਲਖ (ਨਾਟਕਕਾਰ), ਜਥੇਦਾਰ ਉਜਾਗਰ ਸਿੰਘ ਸੇਖਵਾਂ ਪ੍ਰਧਾਨ ਭਾਰਤੀ ਘੱਟ ਗਿਣਤੀਆਂ ਤੇ ਦਲਿਤ ਮੋਰਚਾ), ਡਾ: ਰਾਜਿੰਦਰ ਕੌਰ (ਸੰਪਾਦਕ "ਸੰਤ ਸਿਪਾਹੀ" ਡਾ: ਜੀਵਨਜੋਤ ਕੌਰ (ਸੰਪਾਦਕ 'ਸ਼ੀਹਣੀ') ਸ੍ਰ: ਦਰਸ਼ਨ ਸਿੰਘ (ਸੰਪਾਦਕ 'ਸੰਪਰਕ'), ਡਾ: ਜਸਬੀਰ ਸਿੰਘ ਦੁਸਾਂਝ (ਸੰਪਾਦਕ 'ਹਰਕਾਰਾ'), ਕਾ: ਪਾਲ ਸਿੰਘ (ਸੰਪਾਦਕ 'ਪੰਜਾਬੀ ਕੌਮ'), ਜਰਨੈਲ ਸਿੰਘ (ਮੈਨੇਜਿੰਗ ਐਡੀਟਰ ਰੋਜ਼ਾਨਾ ਜਨਤਕ ਲਹਿਰ), ਸੀ: ਐਲ ਚੁੰਬਰ (ਸੰਪਾਦਕ ਕੌਮੀ ਉਡਾਰੀਆਂ), ਡਾ: ਗੁਰਭਗਤ ਸਿੰਘ (ਪੰਜਾਬੀ ਯੂਨੀ: ਪਟਿਆਲਾ), ਡਾ. ਨਿਰਮਲ ਸਿੰਘ ਆਜ਼ਾਦ (ਪੰਜਾਬੀ ਯੂਨੀ: ਪਟਿਆਲਾ), ਡੀ. ਐਸ. ਗਿੱਲ (ਜਨਰਲ ਸਕੱਤਰ, ਪੰਜਾਬ ਸਿੱਖ ਲਾਯਰਜ਼ ਕੌਂਸਲ); ਡਾ. ਉਜਾਗਰ ਸਿੰਘ (ਪ੍ਰਧਾਨ ਸਿੱਖ ਵਿਚਾਰ ਮੰਚ), ਕਰਨਲ ਚੰਨਣ ਸਿੰਘ ਢਿੱਲੋਂ (ਪ੍ਰਧਾਨ, ਸਿੱਖ ਕੇਂਦਰ), ਮਹਿੰਦਰ ਸਿੰਘ ਜਵੰਦਾ (ਪ੍ਰਧਾਨ, ਪੰਜਾਬੀ ਖੇਤੀਬਾੜੀ ਜ਼ਿਮੀਂਦਾਰਾ ਯੂਨੀਅਨ), ਗੁਰਭਜਨ ਸਿੰਘ ਗਿੱਲ (ਸਕੱਤਰ, ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ), ਕਾ: ਹਾਕਮ ਸਿੰਘ ਸਮਾਓ (ਕਨਵੀਨਰ, ਇੰਡੀਅਨ ਪੀਪਲਜ਼ ਫਰੰਟ, ਪੰਜਾਬ), ਮੇਜਰ ਸਿੰਘ ਮਟਾਰਾਂ (ਜਨਰਲ ਸਕੱਤਰ, ਪੰਜਾਬ ਸਟੂਡੈਂਟਸ ਯੂਨੀਅਨ) ਯਸ਼ਪਾਲ ਝਬਾਲ ਤੇ ਹਰੀ ਸਿੰਘ ਤਰਕ) (ਮੈਂਬਰਾਨ ਸੂਬਾ ਕਮੇਟੀ, ਜਮਹੂਰੀ ਅਧਿਕਾਰ ਸਭਾ, ਪੰਜਾਬ), ਸਾਵਨ ਸਿੰਘ (ਇਨਕਲਾਬੀ ਫਰੰਟ, ਟੀ. ਐਸ. ਯੂ.), ਰਘਬੀਰ ਸਿੰਘ (ਜਨਰਲ ਸਕੱਤਰ, ਐਫ: ਸੀ: ਆਈ ਸਟਾਫ਼ ਯੂਨੀਅਨ), ਗਿਆਨ ਚੰਦ ਸ਼ਰਮਾ (ਪੰਜਾਬ ਇਨਕਲਾਬੀ ਮੋਰਚਾ); ਐਸ: ਐਲ: ਵਿਰਦੀ) (ਐਡਵੋਕੇਟ, ਫਗਵਾੜਾ) ਅਤੇ ਹੋਰ...।

ਹਰ ਇਕ ਭੀਆਂ ਅੱਖਾਂ ਅੱਗੇ ਡਰ ਨੱਚ ਰਿਹਾ ਹੈ। ਸਭ ਸਹਿਮ ਦੀ ਘੇਰਾਬੰਦੀ ਅੰਦਰ ਆਪਣੇ ਆਪ ਨੂੰ ਅਸੁਰੱਖਿਅਤ ਸਮਝ ਰਹੇ ਹਨ। ਇਹੋ ਜਿਹੀ ਘੇਰਾ ਬੰਦੀ ਅੰਦਰ ਵੀ ਭਲਾ ਡਰ ਤੋਂ ਸਿਵਾ ਹੋਰ ਹੋ ਵੀ ਕੀ ਸਕਦਾ ਹੈ।

ਕੱਲ ਕਮਰਿਆਂ ਵਿੱਚ ਅੱਜ ਤੋਂ ਵੀ ਜ਼ਿਆਦਾ ਲੋਕ ਸਨ ਅਤੇ ਪਰਸੋਂ ਕੱਲ ਤੋਂ ਵੀ। ਕੱਲ ਅਤੇ ਪਰਸੋਂ ਜੋ ਵੀ ਆਪਣੀ ਜ਼ਮੀਰ ਦੀ ਜ਼ਿੰਮੇਵਾਰੀ ਅਧੀਨ ਬਾਹਰ ਗਏ ਸਨ ਉਹ ਹਾਲੀਂ ਠੀਕ ਵੀ ਵਾਪਸ ਨਹੀਂ ਪਰਤੇ। ਕਿੱਥੇ ਰੁਲ ਗਏ ਹਨ, ਇਹ ਕਿਸੇ ਨੂੰ ਵੀ ਨਹੀਂ ਪਤਾ, ਕਿਸੇ ਨੂੰ ਵੀ ਨਹੀਂ ਪਤਾ ਕਿ ਸ਼ਰਧਾ ਦੇ ਕਾਫ਼ਲਿਆਂ 'ਚੋਂ ਇਕੱਲੇ ਇਕੱਲੇ ਨੂੰ ਕੌਣ ਮਨਫ਼ੀ ਕਰ ਰਿਹਾ ਹੈ ?

ਉਸਦੀ ਪਤਨੀ ਵੀ ਹੋਰਨਾਂ ਵਾਂਗ ਕੱਲ੍ਹ ਪਾਣੀ ਲੈਣ ਬਾਹਰ ਨਿੱਕਲੀ ਸੀ। ਅੱਜ ਦਾ ਸਾਰਾ ਦਿਨ ਬੀਤ ਗਿਆ ਹੈ। ਰਾਤ ਸਿਰ ਉੱਪਰ ਆ ਖੜੀ ਹੈ। ਪਰ ਉਹ ਹਾਲੀਂ ਤੱਕ ਵੀ ਕਿਧਰੋਂ ਨਹੀਂ ਪਰਤੀ। ਉਹ ਕਰੇ ਤਾਂ ਕੀ ਕਰੇ। ਬੱਸ ਇਕ ਟੱਕ ਬੂਹੇ ਵੱਲ ਤੱਕ ਰਿਹਾ ਹੈ। ਅਤੇ ਉਡੀਕ ਰਿਹਾ ਹੈ ਕਿ ਉਹ ਕਦੋਂ ਪਾਣੀ ਲੈ ਕੇ ਅੰਦਰ ਵੜੇ ਅਤੇ ਉਹ ਭੱਜਕੇ ਉਹਨੂੰ ਬੁੱਕਲ ਵਿਚ ਲੈ ਲਵੇ। ਪਰ ਨਹੀਂ, ਅਜਿਹਾ ਤਾਂ ਕੁੱਝ ਵੀ ਨਹੀਂ ਹੋ ਰਿਹਾ।

ਕਮਰੇ ਵਿਚ ਬੈਠਾ ਵੀ ਉਹ ਆਪਣੀ ਦਲਦਲ 'ਚ ਧਸਦਾ ਜਾ ਰਿਹਾ ਸੀ।

ਉਹ ਕਹਿੰ ਵੀ ਤਾਂ ਕੀਹਨੂੰ ਕਹੇ ਹੋਰ ਕੋਈ ਵੀ ਬੂਹੇ ਕੋਲ ਨਹੀਂ ਜਾ ਰਿਹਾ। ਇਸ ਲਈ ਉਹਦੀ ਵੀ ਜਾਣ ਦੀ ਹਿੰਮਤ ਨਹੀਂ ਪੈ ਰਹੀ। ਜਦੋਂ ਰੋਣ ਨਿੱਕਲਦਾ ਹੈ ਤਾਂ ਉਹ ਗੋਡਿਆਂ ਵਿਚ ਸਿਰ ਦੇ ਲੈਂਦਾ ਹੈ ਲੰਮੇ ਲੰਮੇ ਹਉਕੇ ਭਰਦਾ ਹੈ। ਪਤਨੀ ਉਸਨੂੰ ਬਹੁਤ ਯਾਦ ਆਉਂਦੀ ਹੈ।

ਇਹ ਵੀ ਸੋਚਦਾ ਹੈ ਕਿ ਮੁੜਦੇ ਵਕਤ ਪਾਣੀ ਲੈ ਕੇ ਭੱਜ ਕੇ ਕਿਸੇ ਹੋਰ ਕਮਰੇ ਵਿਚ ਵੜਨਾ ਪੈ ਗਿਆ ਹੋਵੇ ਅਤੇ ਉਸ ਏਰੀਏ ਅੰਦਰ ਸਖ਼ਤ ਪਹਿਰਾ ਚੱਲ ਰਿਹਾ ਹੋਵੇ।

ਮਨ ਦੇ ਸਾਰੇ ਫੁੱਲ ਹੌਲੀ ਹੌਲੀ ਮੁਰਝਾ ਰਹੇ ਹਨ।

ਬਾਹਰੋਂ ਉਵੇਂ ਹੀ ਗੋਲੀਆਂ, ਬੰਬਾਂ ਦੀਆਂ ਆਵਾਜ਼ਾਂ ਆ ਰਹੀਆਂ ਹਨ। ਅਤੇ ਤੋਪਖ਼ਾਨੇ ਉਹਨਾਂ ਦੀ ਗਰਜ ਨਾਲ ਖੜਕ ਰਹੇ ਹੋਣ। ਜਦੋਂ ਵੀ ਤਖ਼ਤੇ ਖੜਕਦੇ ਹਨ ਕਮਰੇ ਅੰਦਰਲੇ ਲੋਕ ਹੋਰ ਦੁਬਕ ਜਾਂਦੇ ਹਨ। ਸਭ ਆਪਣੇ ਆਪ ਨੂੰ ਜਿਉਂਦੀ ਲੋਥ ਸਮਝਣ ਲੱਗ ਪਏ ਹਨ। ਇਹੋ ਜਿਹੀ ਆਫ਼ਤ ਉਹਨਾਂ ਕਦੀ ਵੀ ਜ਼ਿੰਦਗੀ 'ਚ ਨਹੀਂ ਸੀ ਵੇਖੀ। ਜਦੋਂ ਵੀ ਕੋਈ ਲੜਾਈ ਛਿੜਦੀ ਤਾਂ ਪਹਿਲਾਂ ਹੀ ਰੇਡੀਓ ਤੋਂ ਅਨਾਊਂਸ ਹੋਣਾ ਸ਼ੁਰੂ ਹੋ ਜਾਂਦਾ ਸੀ ਅਤੇ ਲੋਕ ਉਹਨਾਂ ਦਿਨਾਂ ਦੇ ਨਿਰਬਾਹ ਦਾ ਆਪਣਾ ਪ੍ਰਬੰਧ ਪਹਿਲਾਂ ਹੀ ਕਰ ਲੈਂਦੇ ਸਨ। ਜਿਨ੍ਹਾਂ ਨੇ ਪਹਿਲੀਆਂ ਦੋ-ਦੋ ਦੇਸ਼ਾਂ ਦੀਆਂ ਲੜਾਈਆਂ ਵੇਖੀਆਂ ਸਨ। ਉਹਨਾਂ ਅਜਿਹਾ ਕਦੀ ਵੀ ਨਹੀਂ ਸੀ ਵੇਖਿਆ ਕਿ ਦਿਨ ਨੂੰ ਵੀ ਆਪਣੇ ਘਰਾਂ ਅੰਦਰ ਹੀ ਦੁਬਕੇ ਰਹੋ। ਉਦੋਂ ਹਰ ਕੋਈ ਆਪਣੇ ਕੰਮ ਧੰਦੇ ਕਰਦਾ ਰਹਿੰਦਾ ਸੀ। ਬੱਸ ਸਿਰਫ ਰਾਤ ਨੂੰ ਹੀ ਲਾਈਟ ਬੁਝਾਉਣ ਦੇ ਹੁਕਮ ਜਾਰੀ ਹੁੰਦੇ ਸਨ। ਪਰ ਤਾਂ ਵੀ ਲੋਕ ਛੋਟੇ ਛੋਟੇ ਦੀਵਿਆਂ ਨਾਲ ਘਰਾਂ ਅੰਦਰ ਆਪਣਾ ਕੰਮ ਕਰਦੇ ਹੀ ਰਹਿੰਦੇ ਸਨ। ਪਰ ਇਹ ਕੀ ਸੀ ? ਇਹ ਕਿਹੋ ਜਿਹੀ ਲੜਾਈ ਸੀ ? ਕਿਉਂ ਲੜੀ ਜਾ ਰਹੀ ਸੀ ? ਕਿਸੇ ਦੇ ਵੀ ਚੇਤਿਆਂ ਦਾ ਹਿੱਸਾ ਨਹੀਂ ਸੀ ਬਣ ਰਹੀ।

ਪਿੰਡ ਤੋਂ ਪਿੰਡ ਕੱਟ ਦਿੱਤਾ ਗਿਆ ਸੀ ਅਤੇ ਸ਼ਹਿਰ ਤੋਂ ਸ਼ਹਿਰ। ਸਭ ਕਿਸਮ ਦੀ ਸਵਾਰੀ ਸੇਵਾ ਬੰਦ ਕਰ ਦਿੱਤੀ ਗਈ ਸੀ। ਅਤੇ ਕਿਸੇ ਨੂੰ ਵੀ ਬਾਹਰ ਖੁੱਲੇ ਆਮ ਫਿਰਦੇ ਨੂੰ ਗੋਲੀ ਮਾਰਨ ਦਾ ਹੁਕਮ ਦੇ ਦਿੱਤਾ ਗਿਆ ਸੀ, ਆਪਣੇ ਹੀ ਦੇਸ਼ ਅੰਦਰ ਆਪਣੀ ਹੀ ਫ਼ੌਜ ਵੱਲੋਂ।

ਇਹ ਕਿਹੋ ਜਿਹੀ ਲੜਾਈ ਸੀ ਜਿਸ ਮੁਸਕਣੀਆਂ ਦਾ ਲਿਬਾਸ ਅਤੇ ਹਉਕਿਆਂ ਦੀ ਵੰਨਗੀ ਬਦਲ ਦਿੱਤੀ ਸੀ। ਜਿੱਥੇ ਸ਼ਾਂਤੀ ਦੀ ਬਾਣੀ ਕਿਰਦੀ ਹੁੰਦੀ ਸੀ ਉੱਥੇ ਹੁਣ ਬਾਰੂਦ ਦੀ ਬਾਰਸ਼ ਸ਼ੁਰੂ ਹੋ ਗਈ ਸੀ। ਕੰਧਾਂ ਤੋਂ ਬਾਹਰ ਹਰੀ ਦਹਿਸ਼ਤ ਸੀ ਜੋ ਪਰਸੋਂ ਦੀ ਅੰਦਰ ਦਾਖ਼ਲ ਹੋ ਚੁੱਕੀ ਸੀ।

ਅੰਦਰ ਆਪਣੇ ਆਪ ਨੂੰ ਬਾਂਕੇ ਕਹਿਲਾਉਣ ਵਾਲੇ ਜਵਾਨ ਸਨ। ਹਰ ਕਿਸਮ ਦਾ ਨਜਾਇਜ਼ ਅਸਲਾ ਉਹਨਾਂ ਦੇ ਹੱਥਾਂ ਵਿਚ ਸੀ। ਇਹ ਸਭ ਸਰਕਾਰੀ ਬਿਆਨ ਸਨ। ਪਰ ਉਹ ਅਸਲਾ ਨਾ ਤਾਂ ਕਿਸੇ ਨੇ ਵੇਖਿਆ ਸੀ ਅਤੇ ਨਾ ਹੀ ਕਿਸੇ ਦੀ ਵੜਨ ਦੀ ਜੁਰਅਤ ਹੋਈ ਸੀ।

ਦੇਸ਼ ਦੇ ਪਾਲਣ੍ਹੂ ਪਿਉ ਨੇ ਇਕ ਕਿੱਕਰ ਦਾ ਬੀ ਸੁੱਟਿਆ ਸਰਹੱਦੀ ਮੈਦਾਨ ਵੱਲੋਂ ਅਤੇ ਉਹ ਪਹਿਲਾਂ ਕਿੱਕਰਾਂ ਅਤੇ ਫੇਰ ਕੰਡੇ ਹੀ ਕੰਡੇ ਪੈਦਾ ਕਰਦਾ ਤੁਰਿਆ ਗਿਆ। ਜਿਨ੍ਹਾਂ ਦੇ ਮੂੰਹ ਤਾਂ ਤਿੱਖੇ ਸਨ ਪਰ ਉਹਨਾਂ ਨੂੰ ਪਾਣੀ ਲਾਉਣ ਵਾਲੇ ਹੱਥ ਬੇਗਾਨੇ ਸਨ। ਇਸ ਲਈ ਉਹ ਹਰ ਪੌਦੇ ਨੂੰ ਦੁੱਖ ਦੇਣ ਦੇ ਆਦੀ ਹੋ ਗਏ, ਅਤੇ ਉਹਨਾਂ ਕੰਡਿਆਂ ਦਾ ਮੂੰਹ ਮੋੜਨ ਲਈ ਸਰਕਾਰ ਨੇ ਹਜ਼ਾਰਾਂ ਦੀ ਤਾਦਾਦ ਵਿੱਚ ਦੇਸ਼ ਦੇ ਰੱਖਿਅਕ ਭੇਜੇ। ਉਹ ਰੱਖਿਅਕ ਜੋ ਮਿਲਟਰੀ ਦੇ ਮੋਟਰ ਸਾਈਕਲਾਂ, ਟਰੱਕਾਂ ਦਾ ਡੀਜ਼ਲ ਭਲੀ ਭਾਂਤ ਵੇਚਦੇ ਸਨ। ਰੰਗਰੂਟਾਂ ਦੀ ਰਸਦ ਵਿਚੋਂ ਹਜ਼ਾਰਾਂ ਰੁਪਏ ਦੇ ਘਪਲੇ ਕਰਦੇ ਸਨ। ਅੱਜ ਸਰਹੱਦੀ ਇਲਾਕੇ ਦੀ ਰੱਖਿਆ ਲਈ ਆ ਖੜੇ ਸਨ। ਜੋ ਕਿ ਅਸਲ ਵਿਚ ਦੇਸ਼ ਦੀ ਨਹੀਂ, ਉਹਨਾਂ ਦੀ ਆਪਣੀ

ਰੱਖਿਆ ਦੀ ਲੜਾਈ ਸੀ।

ਸਰਹੱਦੀ ਧਰਤੀ ਮੈਲੀ ਕਰਨ ਦਾ ਪੂਰਾ ਅਧਿਕਾਰ ਉਹਨਾਂ ਨੂੰ ਸੱਤਾਧਾਰੀਆਂ ਨੇ ਦੇ ਰੱਖਿਆ ਸੀ।

ਬਾਹਰਲੇ ਬਾਰੂਦ ਨੂੰ ਬੁੱਚ-ਬੁੱਚ ਕੇ ਅੰਦਰਲੇ ਵਰਾਹ ਰਹੇ ਸਨ ਅਤੇ ਇਸ ਅੰਨ੍ਹੀ ਹਨੇਰੀ ਦਾ ਸ਼ਿਕਾਰ ਉਹ ਹੋ ਰਹੇ ਸਨ। ਜੋ ਪਰਸੋਂ ਇਸ ਹਰਿਮੰਦਰ ਦੀ ਪਰਕਰਮਾਂ ਕਰਨ ਆਏ ਸਨ। ਭੱਜ ਨੱਠ ਦੀ ਜ਼ਿੰਦਗੀ ਵਿਚੋਂ ਦੋ ਦਿਨ ਸ਼ਾਂਤੀ ਨਾਲ ਬਿਤਾਉਣ ਆਏ ਸਨ। ਪਰ ਆਉਂਦੇ ਹੀ ਬਾਰੂਦ ਦੀ ਬਾਰਸ਼ ਹੇਠ ਦੱਬੇ ਗਏ ਸਨ।

ਉਹਨਾਂ ਦਾ ਕੀ ਕਸੂਰ ਸੀ ਕਿ ਸੂਰਜਮੁਖੀ ਲੈਣ ਆਇਆਂ ਨੂੰ ਖੰਜਰਾਂ ਦੀ ਵਾੜ ਵਲ ਦਿਤੀ ਸੀ।

ਕਿੰਨੀ ਹੀ ਦੁਨੀਆਂ ਸੀ ਜੋ ਇਸ ਹਉਮੈਂ ਦੇ ਵਹਿਸ਼ੀ ਮੋਰਚੇ ਅੰਦਰ ਕੈਦ ਹੋ ਗਈ ਸੀ। ਨਿਕਲਣ ਦਾ ਰਸਤਾ ਕਿਸੇ ਕੋਲ ਵੀ ਨਹੀਂ ਸੀ। ਅਤੇ ਇਸ ਮੋਰਚੇ 'ਚੋਂ ਥੋੜ੍ਹਾ ਪਾਣੀ ਲੈਣ ਲਈ ਗਈ ਉਹਦੀ ਪਤਨੀ ਬਾਰੂਦ ਦੀ ਬਾਰਸ਼, ਗੋਲੀਆਂ ਦੇ ਤੂਫ਼ਾਨ ਅੰਦਰ ਚਲੀ ਗਈ ਸੀ। ਜੋ ਹਾਲੀ ਤੀਕ ਨਹੀਂ ਸੀ ਪਰਤੀ। ਉਹ ਰੋ ਰਿਹਾ ਸੀ। ਆਪਣੇ ਅੱਥਰੂ ਤਲੀਆਂ ਤੇ ਰੱਖਕੇ ਵੇਖਦਾ ਹੋਇਆ ਪਤਨੀ ਦੀ ਉਡੀਕ ਵਿਚ ਆਪਣੇ ਧੁੰਦਲੇ ਚਿਹਰੇ ਨੂੰ ਘੂਰ ਰਿਹਾ ਸੀ।

ਉਸਦੇ ਅੰਦਰ ਇਕ ਤੂਫ਼ਾਨ ਉਠਿਆ ਸੀ। ਇਸ ਤੂਫ਼ਾਨ ਨੂੰ ਉਹ ਠੱਲ੍ਹ ਪਾਉਣੀ ਚਾਹੁੰਦਾ ਸੀ। ਪਰ ਠੱਲ੍ਹ ਪਾਉਣ ਵਾਲੀ ਆਪ ਹੀ ਕਿਧਰੇ ਗਾਇਬ ਹੋ ਗਈ ਸੀ। ਫਿਰ ਤਾਂ ਇਹ ਤੂਫ਼ਾਨ ਵੀ ਖੜਾ ਨਹੀਂ ਸੀ ਹੋਣਾ। ਹੁਣ ਇਸਦਾ ਕੋਈ ਇਲਾਜ ਨਹੀਂ ਸੀ।

ਭੁੱਖ ਦਾ ਕੁਝ ਉਤਾਰਾ ਕਰਨ ਲਈ ਬਹੁਤ ਲੋਕ ਪਾਣੀ ਲਿਆ ਰਹੇ ਸਨ ਅਤੇ ਪੀ ਪੀ ਕੇ ਧਰਵਾਸ ਦੇ ਰਹੇ ਸਨ। ਪਰਸੋਂ ਤੋਂ ਕਿਸੇ ਨੇ ਵੀ ਕੁਝ ਨਹੀਂ ਸੀ ਖਾਧਾ। ਸਭ ਵਿਲਕ ਰਹੇ ਸਨ। ਪਰ ਜਦੋਂ ਉਸਦੀ ਪਤਨੀ ਪਾਣੀ ਲੈਣ ਗਈ ਤਾਂ ਉਹ ਕੱਲ ਦੀ ਅੱਜ ਤੀਕ ਵੀ ਪਰਤਕੇ ਨਹੀਂ ਸੀ ਆਈ। ਉਸ ਵਾਰੀ ਸਾਹਮਣੇ ਦਿਸਦੇ ਪਾਣੀ ਨੂੰ ਕਿਹੜੀ ਅੱਗ ਲੱਗ ਗਈ ਸੀ ਕਿ ਉਹ ਉਡੀਕਦਾ ਉਡੀਕਦਾ ਝੱਗ ਵਾਂਗ ਸਿਰ ਸੁੱਟ ਗਿਆ ਸੀ।

ਇੱਕ ਫੌਜੀ ਹੋਣ ਦੇ ਨਾਤੇ ਵੀ ਉਸ ਅੰਦਰ ਇਸ ਲੜਾਈ ਪ੍ਰਤੀ ਨਫ਼ਰਤ ਭਰਦੀ ਜਾ ਰਹੀ ਸੀ। ਇਹ ਕਿਉਂ ਸੀ ? ਸ਼ਾਇਦ ਪਿਛਲੇ ਸਵਾ ਮਹੀਨੇ ਤੋਂ ਵਿਹਲਾ ਹੋਣ ਕਰਕੇ ਉਸਨੂੰ ਕੁਝ ਸੋਚਣ ਦੀ ਫੁਰਸਤ ਮਿਲ ਗਈ ਸੀ। ਰੋਜ਼ ਗੁਰਦੁਆਰੇ ਜਾ ਕੇ ਅਖ਼ਬਾਰ ਪੜ੍ਹਨ ਕਰਕੇ ਉਹ ਆਪਣੇ ਸੂਬੇ ਦੇ ਸਾਰੇ ਹਾਲਾਤਾਂ ਤੋਂ ਜਾਣੂ ਹੋ ਗਿਆ ਸੀ। ਉਸਦੇ ਮਨ ਉਤੇ ਜਿਵੇਂ ਬਰੇਤਾ ਆਪਣੀ ਪੈੜ ਉਕਰ ਗਿਆ ਸੀ। ਹੁਣ ਉਸਦੀਆਂ ਸੋਚਾਂ ਅਧੀਨ ਕੁਝ ਵੀ ਨਹੀਂ ਸੀ ਆ ਰਿਹਾ। ਸਿਰਫ਼ ਹੋ ਰਹੇ ਵਰਤਾਰੇ ਨਾਲ ਨਫ਼ਰਤ ਤੋਂ ਬਿਨਾ। ਇਹ ਨਫ਼ਰਤ ਉਸਦੀਆਂ ਰਗਾਂ ਅੰਦਰ ਜ਼ਹਿਰ ਬਣਕੇ ਫੈਲਦੀ ਜਾ ਰਹੀ ਸੀ। ਉਸਨੂੰ ਲੱਗ ਰਿਹਾ ਸੀ ਜਿਵੇਂ ਹੁਣ ਉਹ ਬਚ ਨਹੀਂ ਸਕੇਗਾ। ਪਰ ਫਿਰ ਉਹ ਆਪਣੀ ਪਤਨੀ ਦੀ ਤਲਾਸ਼ ਕਿਵੇਂ ਕਰੇਗਾ ?

ਇਕ ਜੀਅ ਕਰਦਾ ਕਿ ਉਹ ਤਖ਼ਤੇ ਖੋਹਲਕੇ ਬਾਹਰ ਭੱਜ ਪਵੇ ਅਤੇ ਕੂਕਾਂ ਮਾਰਦਾ ਸ਼ਿੰਦਰ ਸ਼ਿੰਦਰ ਕਰਨ ਲੱਗ ਪਵੇ। ਤਾਂ ਕਿ ਪਤਨੀ ਜਿਥੇ ਵੀ ਹੋਵੇ ਉਥੋਂ ਹੀ ਉਸਨੂੰ ਹਾਕ ਮਾਰ ਦੇਵੇ ਅਤੇ ਉਹ ਫਿਰ ਤੋਂ ਇਕ ਥਾਂ ਇਕੱਠੇ ਹੋ ਜਾਣ। ਜੇ ਕਿਧਰੋਂ ਗੋਲੀ ਆ ਵੱਜੀ। ਇਸੇ ਡਰੋਂ ਉਹ ਚੁੱਪ ਕਰ ਗਿਆ। ਭੈੜਾ ਵੇ ਭਾਣੇ ਤਾਂ ਕੋਈ ਵੀ ਨਹੀਂ ਮਰਨਾ ਚਾਹੁੰਦਾ। ਅੱਜ ਨਹੀਂ ਤਾਂ ਪਤਨੀ ਤਾਂ ਕੱਲ ਨੂੰ ਵੀ ਆ ਹੀ ਜਾਵੇਗੀ। ਕਿਤੇ ਉਹਨੂੰ ਲੱਭਦਾ ਉਹ ਆਪ ਹੀ ਨਾ ਚਲਿਆ ਜਾਵੇ। ਮੋਹ ਦੀ ਬੂਟੀਆਂ ਉਸ ਭੋਰੀਆਂ ਤਾਂ ਨਹੀਂ ਸਨ, ਪਰ ਆਪਣੀ ਹੀ ਕਬਰ ਸਾਹਮਣੇ ਤੱਕਕੇ ਜਿਵੇਂ ਹੱਥ ਆਪਣੇ ਆਪ ਮਸਲੇ ਗਏ ਸਨ। ਕੱਲ੍ਹ ਅਤੇ ਪਰਸੋਂ ਨਾਲੋਂ ਅੱਜ ਗੋਲੀਆਂ ਦੀ ਬਾਰਸ਼ ਕੁਝ ਘੱਟ ਸੀ। ਬਾਹਰ ਦੇ ਲੋਕਾਂ ਨੂੰ ਇਸ ਘਰ ਅੰਦਰ ਦੀਆਂ ਲੜਾਈ ਦੀਆਂ ਖ਼ਬਰਾਂ ਝੂਠੀਆਂ ਬਣਾਕੇ ਸੁਣਾਈਆਂ ਜਾਂਦੀਆਂ ਹੋਣਗੀਆਂ। ਪਰ ਘਰ ਅੰਦਰ ਜੋ ਡੱਕੇ ਸਨ। ਉਹ ਬਾਹਰਲੇ ਸਭ ਕੁਝ ਤੋਂ ਅਨਜਾਣ ਸਨ। ਫਿਰ ਲਗਾਤਾਰ ਗੋਲੀਆਂ ਦੀ ਆਵਾਜ਼ ਆਈ ਅਤੇ ਕਮਰੇ ਅੰਦਰਲੇ ਲੋਕ ਕੰਧਾਂ ਨਾਲ ਦੁਬਕ ਗਏ। ਪਰ ਉਹ ਉਵੇਂ ਹੀ ਬੈਠਾ ਰਿਹਾ, ਜਿਵੇਂ ਕੋਈ ਸੁਪਨਾ ਲੈ ਰਿਹਾ ਹੋਵੇ। ਕਿਤੇ ਕਿਸੇ ਡੂੰਘੇ ਉਤਰ ਗਿਆ ਹੋਵੇ।

ਸਵਾ ਮਹੀਨਾ ਪਹਿਲਾਂ ਉਹ ਸ਼ਿੰਦਰ ਨੂੰ ਸਿਹਰਿਆਂ ਨਾਲ ਆਪਣੇ ਘਰ ਲਿਆਇਆ ਸੀ। ਆਪਣੇ ਵਿਆਹ ਤੋਂ ਹਫ਼ਤਾ ਕੁ ਪਹਿਲਾਂ ਹੀ ਉਹ ਛੁੱਟੀ ਆਇਆ ਸੀ ਤਾਂ ਕਿ ਉਹ ਪਤਨੀ ਕੋਲ ਪੌਣੇ ਦੋ ਮਹੀਨੇ ਤਾਂ ਗੁਜ਼ਾਰ ਹੀ ਸਕੇ। ਹੋਰ ਦਸ ਦਿਨਾਂ ਤਾਈਂ ਉਹਨੇ ਵਾਪਸ ਚਲੇ ਜਾਣਾ ਸੀ। ਪਰ ਹੁਣ ਤਾਂ ਉਸਨੂੰ ਤਿੰਨ ਦਿਨ ਹਰਿਮੰਦਰ ਆਏ ਨੂੰ ਹੋ ਗਏ ਸਨ। ਅਤੇ ਇਥੇ ਆ ਕੇ ਤਾਂ ਉਹ ਫਸ ਹੀ ਗਿਆ ਸੀ। ਆਪਣੀਆਂ ਸੋਚਾਂ ਤੋਂ ਕਿਤੇ ਦੁਗਣਾ ਮੋਹ ਆਉਣ ਲੱਗ ਪਿਆ ਸੀ ਉਹਨੂੰ ਸ਼ਿੰਦਰ ਨਾਲ। ਸਾਰੀ ਸਾਰੀ ਰਾਤ ਬੈਠੇ ਉਹ ਗੱਲਾਂ ਮਾਰਦੇ ਰਹਿੰਦੇ। ਉਹ ਆਪਣੇ ਮਿਲਟਰੀਜੀਵਨ ਅਤੇ ਅਫ਼ਸਰਾਂ ਦੀਆਂ ਕਥਾਵਾਂ ਲਾ ਲਾ ਸੁਣਾਉਂਦਾ। ਅਤੇ ਸ਼ਿੰਦਰ ਆਪਣੇ ਪਿੰਡ ਦੀਆਂ ਕੁੜੀਆਂ ਦੇ ਹੁਸਨ ਦੇ ਪੁਲ ਤਿਆਰ ਕਰਦੀ ਰਹਿੰਦੀ। ਥੋੜ੍ਹੀਆਂ ਗੱਲਾਂ ਕਰ ਲੈਣ ਤੋਂ ਬਾਅਦ ਹੀ ਉਹ ਇਹ

ਸੋਚਦੇ ਕਿ ਜੇ ਰਾਤ ਹੋਰ ਵਧ ਜਾਵੇ, ਬੱਸ ਮੁੱਕੇ ਹੀ ਨਾ ਅਤੇ ਨਾ ਹੀ ਉਹਨਾਂ ਦੀਆਂ ਗੱਲਾਂ ਮੁੱਕਣ। ਉਹ ਇਕ ਦੂਜੇ ਨੂੰ ਮੁਹੱਬਤ ਕਰਦੇ ਅਤੇ ਖ਼ੂਬ ਹੱਸਦੇ। ਕਿੰਨਾ ਖਿਆਲ ਕਰਦੀ ਸੀ ਸ਼ਿੰਦਰ ਉਹਦਾ। ਇਕ ਪਲ ਵੀ ਉਹਦਾ ਅੱਖਾਂ ਤੋਂ ਓਹਲੇ ਹੋਇਆ ਨਾ ਸਹਾਰਦੀ। ਉਹ ਪੰਜ ਛੇ ਦਿਨ ਬਾਅਦ ਆਪਣੇ ਸਹੁਰੀਂ ਗਿਆ, ਤਾਂ ਸ਼ਿੰਦਰ ਸਾਰੇ ਰਾਹ ਉਹਦੇ ਮੋਢੇ ਉਤੇ ਸਿਰ ਰੱਖਕੇ ਬੱਸ ਵਿਚ ਇਕ ਖੁਮਾਰੀ ਜਿਹੀ ਵਿਚ ਗੱਲਾਂ ਕਰਦੀ ਗਈ ਗਈ ਸੀ ਅਤੇ ਉਥੇ ਵੀ ਅੱਧੀ ਕੁ ਰਾਤੋਂ ਸਾਰੇ ਟੱਬਰ ਵਿਚੋਂ ਉੱਠਕੇ ਉਹਦੇ ਕੋਲ ਆ ਗਈ ਸੀ।

ਪਿਛਲੇ ਸਵਾ ਮਹੀਨੇ ਵਿਚ ਹੀ ਉਹ ਏਦਾਂ ਹੋ ਗਏ ਸਨ ਜਿਵੇਂ ਇਕ ਦੂਜੇ ਨੂੰ ਕਿੰਨੇ ਹੀ ਚਿਰ ਤੋਂ ਜਾਣਦੇ ਸਨ। ਸ਼ਿੰਦਰ ਦੱਸਦੀ ਕਿ ਮੰਗਣੇ ਵੇਲੇ ਖਿੱਚੀਆਂ ਫ਼ੋਟੋਆਂ ਉਹ ਹਰ ਰੋਜ਼ ਬੇਬੇ ਤੋਂ ਚੋਰੀ ਸੰਦੂਕ ਵਿਚੋਂ ਕੱਢ ਕੇ ਵੇਖਦੀ ਹੁੰਦੀ ਸੀ। ਉਹ ਦੱਸਦੀ ਕਿ ਉਸਦਾ ਜੀਅ ਤਾਂ ਚਿੱਠੀ ਲਿਖਣ ਨੂੰ ਵੀ ਬਹੁਤ ਵਾਰੀ ਕੀਤਾ ਸੀ, ਪਰ ਉਸ ਕੋਲ ਆਪਣੇ ਫ਼ੌਜੀ ਦਾ ਪਤਾ ਹੀ ਨਹੀਂ ਸੀ। ਕਿਵੇਂ ਲਿਖਦੀ ਫੇਰ ਚਿੱਠੀ ? ਕਿਵੇਂ ਕਰਦੀ ਦਿਲ ਦੀਆਂ ਗੱਲਾਂ ਸਾਂਝੀਆਂ।

ਸ਼ਿੰਦਰ ਦੋਵਾਂ ਦੀ ਚਾਹ ਇਕ ਗਿਲਾਸ ਵਿਚ ਹੀ ਲਿਆਉਂਦੀ ਅਤੇ ਨਾਲ ਹੀ ਇਕ ਖਾਲੀ ਗਿਲਾਸ। ਆਪਣੇ ਪਤੀ ਤੋਂ ਜੂਠੀ ਕਰਵਾਏ ਬਿਨਾ ਉਹ ਆਪਣੇ ਗਿਲਾਸ ਵਿਚ ਚਾਹ ਨਹੀਂ ਸੀ ਪਾਉਂਦੀ। ਉਹ ਕਹਿੰਦਾ ਪਹਿਲਾਂ ਤੂੰ ਪੀ। ਪਰ ਉਹ ਜ਼ਿੱਦ ਫੜਦੀ ਪਹਿਲਾਂ ਤੁਸੀਂ। ਕਿੰਨੀ ਹੀ ਦੇਰ ਉਹਨਾਂ ਦੀ ਜ਼ਿੱਦ ਚਲਦੀ ਰਹਿੰਦੀ ਅਤੇ ਅਖ਼ੀਰ ਫ਼ੌਜੀ ਨੂੰ ਹਾਰਨਾ ਪੈਂਦਾ ਅਤੇ ਉਹ ਬਿਚਾਰਾ ਜਿਹਾ ਹੋ ਕੇ ਚਾਹ ਦੀ ਘੁੱਟ ਭਰ ਲੈਂਦਾ, ਤਾਂ ਸ਼ਿੰਦਰ ਆਪਣੀ ਜਿੱਤ ਉਪਰ ਬਹੁਤ ਹੀ ਹੱਸਦੀ। ਇਸੇ ਤਰ੍ਹਾਂ ਰੋਟੀ ਵੇਲੇ ਹੁੰਦਾ ਸੀ। ਉਹ ਕਹਿੰਦਾ; 'ਪਹਿਲਾਂ ਤੂੰ ਖਾਲੈ ਫੇਰ ਮੈਨੂੰ ਰੋਟੀ ਲਿਆਈ।' ਪਰ ਸ਼ਿੰਦਰ ਕਹਿੰਦੀ ਨਹੀਂ ਮੇਰਾ ਹੱਕ ਨੀ ਬਣਦਾ, ਜਦੋਂ ਤੁਸੀਂ ਰੋਟੀ ਖਾ ਲੀ ਤਾਂ ਮੈਂ ਸਮਝ ਲੋ ਰੱਜਲੀ, ਮੱਖਣਾ, ਮੇਰਾ ਤਾ ਸਾਰਾ ਕੁਛ ਤੇਰੇ ਨਾਲ ਈ ਐ। ਤੂੰ ਰੱਜ ਗਿਆ ਤਾਂ ਮੈਂ ਤਾਂ ਸਮਝ ਲੈ ਆਪ ਰੱਜ ਲੀ। ਤੀਵੀਂ ਦਾ ਕੀ ਹੁੰਦੈ, ਆਵਦੇ ਆਦਮੀ ਨੂੰ ਖਾਂਦੇ ਨੂੰ ਵੇਖਕੇ ਰੱਜ ਜਾਂਦੀ ਐ।' ਉਹ ਬੋਲ ਕੇ ਹੱਟਦੀ ਤਾਂ ਉਹ ਫੇਰ ਸਾਰੇ ਮੋਹ ਨਾਲ ਉਹਦਾ ਮੱਥਾ ਚੁੰਮ ਲੈਂਦਾ, ਚੰਦਰੀ ਜੀ ਨਾ ਹੋਵੇ ਤਾਂ ਐਨਾ ਮੋਹ ਨਾਂ ਪਾਅ ਜਦੋਂ ਮੈਂ ਚਲਾ ਗਿਆ, ਫੇਰ ਔਖੀ ਹੋਵੇਂਗੀ।' ਉਹ ਨੀਵੀਂ ਪਾ ਲੈਂਦੀ, ਉਸਦੀਆਂ ਅੱਖਾਂ ਅੱਥਰੂਆਂ 'ਚ ਡੁੱਬ ਜਾਂਦੀਆਂ ਅਤੇ ਉਹ ਉਹਦੀ ਹਿੱਕ ਤੇ ਸਿਰ ਰੱਖਕੇ ਡੁਸਕ ਪੈਂਦੀ, 'ਬੱਸ ਜਦੋਂ ਕਦੇ ਐਂ ਸੋਚਦੀਆਂ ਮੇਰੇ ਕਾਲਜੇ 'ਚ ਖੋਹ ਜੀ ਪੈਣ ਲੱਗ ਜਾਂਦੀ ਐ।'

ਬਾਹਰ ਕੋਈ ਗੋਲਾ ਡਿੱਗਿਆ ਅਤੇ ਜ਼ੋਰ ਦੀ ਤਖ਼ਤੇ ਹਿੱਲਣ ਨਾਲ ਉਹਦਾ ਸੁਪਨਾ ਟੁੱਟ ਕੇ ਖਿੰਡ ਗਿਆ। ਉਸ ਦੀਆਂ ਅੱਖਾਂ 'ਚ ਅੱਥਰੂ ਸਨ, ਜੋ ਉਸਨੇ ਹੱਥਾ ਦੀਆਂ ਉਂਗਲਾਂ ਨਾਲ ਪੂੰਝ ਕੇ ਹੌਲੀ ਜਿਹੇ ਕਮੀਜ਼ ਉੱਤੇ ਝਾੜ ਲਏ।

ਕਮਰੇ ਦੇ ਹੋਰ ਕੋਨਿਆਂ 'ਚ ਨਿਗਾਹ ਗਈ ਤਾਂ ਸਭ ਲੋਕ ਸੁੱਤੇ ਪਏ ਸਨ। ਸਭ ਨੂੰ ਵੇਖ ਕੇ ਉਸਦਾ ਮਨ ਗਲਿਆਣੀ ਜਿਹੀ ਨਾਲ ਭਰ ਗਿਆ। ਕਿਹੋ ਜਿਹੇ ਲੋਕ ਹਨ ਇਹ। ਇਥੇ ਸ਼ੁੱਧ ਬਾਣੀ ਦਾ ਪਾਠ ਸੁਣਨ ਆਏ ਸਨ। ਇਸ ਥਾਂ ਨੂੰ ਪਵਿਤਰਤਾ ਦਾ ਦਰਜਾ ਦਿੰਦੇ ਸਨ। ਪਰ ਅੱਜ ਭੰਗ ਹੁੰਦੀ ਪਵਿੱਤਰਤਾ ਵੇਖਕੇ ਘੂਕ ਸੁੱਤੇ ਪਏ ਸਨ। ਉਸਦਾ ਜੀਅ ਕੀਤਾ ਕਿ ਸਭ ਨੂੰ ਵੱਖੀਆਂ ਤੋਂ ਝੂਲਕਣ ਲੱਗ ਪਵੇ ਕਿ ਐਨੀ ਭੁੱਖ ਦੇ ਬਾਵਜੂਦ ਵੀ ਉਹਨਾਂ ਨੂੰ ਨੀਂਦ ਕਿਵੇਂ ਆ ਗਈ।

ਗੁੱਟ ਤੇ ਘੜੀ ਹੋਣ ਕਰਕੇ ਵੀ ਉਹ ਟਾਈਮ ਨਾ ਵੇਖ ਸਕਿਆ।

ਉਸਦੀ ਭੁੱਖ ਤਾਂ ਹੁਣ ਮਰ ਚੁੱਕੀ ਸੀ। ਜਿਵੇਂ ਉਸਦੇ ਅੰਦਰ ਕੋਈ ਅਜਿਹੀ ਥਾਂ ਹੀ ਨਾ ਹੋਵੇ ਜਿਸ ਵਿਚ ਜਾ ਕੇ ਖਾਣ ਦਾ ਸਮਾਨ ਟਿਕਦਾ ਹੋਵੇ।

ਉਸਨੇ ਤਾਂ ਬਥੇਰਾ ਕਿਹਾ ਸੀ ਕਿ ਆਪਣੇ ਘਰ ਹੀ ਠੀਕ ਹੈ। ਪਰ ਉਹਦੇ ਬਾਪੂ ਜੀ ਨੇ ਹੀ ਬਹੁਤਾ ਜ਼ੋਰ ਦਿੱਤਾ ਸੀ ਕਿ ਆਪਣੀ ਛੁੱਟੀ ਕੱਟ ਕੇ ਜਾਣ ਤੋਂ ਪਹਿਲਾਂ ਉਹ ਹਰਿਮੰਦਰ ਸਾਹਿਬ ਜ਼ਰੂਰੀ ਜਾ ਕੇ ਆਉਣ ਅਤੇ ਉਹ ਉਹਨਾਂ ਦਾ ਬੰਨ੍ਹਿਆ ਬਨਾਇਆ ਹੀ ਆ ਗਿਆ ਸੀ ਅਤੇ ਇੱਥੇ ਆ ਕੇ ਉਹੀ ਗੱਲ ਹੋਈ ਸੀ, ਜਿਹੜੀ ਉਹਨਾਂ ਕਦੇ ਦਿਮਾਗ ਵਿਚ ਵੀ ਨਹੀਂ ਸੀ ਸੋਚੀ। ਅਤੇ ਪਤਨੀ ਨੇ ਇੱਥੇ ਵੀ ਉਹੋ ਜ਼ਿੱਦ ਫੜ ਲਈ ਸੀ ਉਸਨੇ ਬਥੇਰਾ ਕਿਹਾ ਸੀ ਕਿ ਪਾਣੀ ਜਾ ਕੇ ਉਹ ਆਪ ਲੈ ਆਉਂਦਾ ਹੈ ਪਰ ਸ਼ਿੰਦਰ ਨਹੀਂ ਮੰਨੀ ਸੀ। ਅਖੇ ਤੁਸੀਂ ਨਹੀਂ ਬਾਹਰ ਜਾਣਾ, ਰੱਬ ਨਾ ਕਰੇ ਜੇ ਤੁਹਾਨੂੰ ਕੁੱਝ ਹੋ ਗਿਆ, ਮੇਰਾ ਕੀ ਬਣੂਗਾ ? ਉਸਨੇ ਵੀ ਅੱਗੋਂ ਇਹੀ ਗੱਲ ਕਹੀ ਸੀ ਤਾਂ ਉਹ ਅੱਕ ਗਈ ਸੀ, ਅਖੇ ਤੁਸੀਂ ਬੈਠੇ ਰਹੋ ਮੈਂ ਆਪੇ ਲੈ ਆਊਂਗੀ। ਤੇ...ਸ਼ਿੰਦਰ ਦੀ ਜ਼ਿੱਦ ਅੱਗੇ ਉਹ ਕੱਲ ਫੇਰ ਹਾਰ ਗਿਆ ਸੀ। ਅਤੇ ਜਿੱਤੀ ਹੋਈ ਪਤਨੀ ਕੱਲ ਦੀ ਗਈ ਅੱਜ ਤੀਕ ਵਾਪਸ ਨਹੀਂ ਪਰਤੀ ਸੀ। ਉਸ ਸੋਚਿਆ ਇਹ ਜਿੱਤਾਂ ਤਾਂ ਉਮਰ ਭਰ ਚੱਲਣੀਆਂ ਸਨ ਪਰ ਐਡੀ ਛੇਤੀ...? ਅਗਾਂਹ ਉਹ ਕੁੱਝ ਨਾ ਸੋਚ ਸਕਿਆ। ਭਰੇ ਗੱਚ ਨੂੰ ਆਸਰਾ ਦੇਣਾ ਹੀ ਉਸ ਨੂੰ ਔਖਾ ਹੋ ਗਿਆ ਸੀ।

ਕਾਫ਼ੀ ਦੇਰ ਤੋਂ ਨਾ ਤਾਂ ਤਖਤੇ ਖੜਕੇ ਸਨ ਅਤੇ ਨਾ ਹੀ ਕਿਸੇ ਗੋਲੀ ਦੀ ਆਵਾਜ਼ ਆਈ ਸੀ। ਇਉਂ ਲੱਗਦਾ ਸੀ ਜਿਵੇਂ ਖੂਨ ਮੁੱਕ ਗਿਆ ਹੋਵੇ ਅਤੇ ਸਭ ਸ਼ਾਂਤ ਹੋ ਗਏ ਹੋਣ।

ਸੱਤਾਧਾਰੀਆਂ ਦੇ ਮਨ ਦੀ ਇੱਛਾ ਦਾ ਵਣਜ ਕਰਨ ਆਇਆਂ ਨੇ ਲਹੂ ਦੀ ਨਦੀ ਖਰੀਦਣ ਲਈ ਜ਼ਖਮਾਂ ਦੀ ਅੰਨ੍ਹੀ ਰਕਮ ਵਹਾ ਦਿੱਤੀ ਸੀ।

ਕਦੋਂ ਰਾਤ ਪਈ ਅਤੇ ਕਦੋਂ ਦਿਨ ਚੜ੍ਹਿਆ ਉਸਨੂੰ ਕੁਝ ਪਤਾ ਨਹੀਂ ਸੀ ਲੱਗਿਆ। ਪਰ ਜਦੋਂ ਉਹਦੇ ਦਿਮਾਗ ਦੀਆਂ ਤਾਰਾਂ ਟੁੱਟੀਆਂ ਤਾਂ ਕਮਰੇ 'ਚ ਬੂਹ-ਕੁਰਲਾਹਟ ਮੱਚਿਆ ਹੋਇਆ ਸੀ। ਸਭ ਭੁੱਖ ਨਾਲ ਵਿਲਕ ਰਹੇ ਸਨ, ਪਰ ਰੋਟੀ ਜਾਂ ਪਾਣੀ ਕਿੱਥੋਂ ਆਵੇ? ਹਾਲੀ ਤੀਕ ਕਿਸੇ ਨੇ ਉਸਨੂੰ ਉਸਦੀ ਪਤਨੀ ਬਾਰੇ ਵੀ ਨਹੀਂ ਸੀ ਪੁੱਛਿਆ। ਜਦ ਕਿ ਉਹ ਉਹਨਾਂ ਸਭ ਦੀਆਂ ਅੱਖਾਂ ਅੱਗੋਂ ਗਈ ਸੀ।

ਬੜੇ ਜ਼ੋਰ ਨਾਲ ਕਮਰੇ ਦਾ ਬੂਹਾ ਖੁੱਲਿਆ ਅਤੇ ਬੰਦੂਕ ਤਾਣੀ ਇਕ ਹਰੀ, ਦਹਿਸ਼ਤ ਦਾ ਹੌਲਦਾਰ ਅੰਦਰ ਆ ਵੜਿਆ ਸੀ। ਸਭ ਵੱਲ ਉਹ ਖਾਮੋਸ਼ ਅਤੇ ਵਹਿਸ਼ੀ ਅੱਖਾਂ ਨਾਲ ਝਾਕ ਰਿਹਾ ਸੀ ਅਤੇ ਇਕੱਲੇ ਇਕੱਲੇ ਤੋਂ ਖੁਰਦਰੀ ਨਿਗ੍ਹਾਹ ਘੁਮਾਅ ਰਿਹਾ ਸੀ, "ਆਪ ਉਧਰ ਜਾ ਕਰ ਚਾਹੇ ਪਾਣੀ ਲੇ ਸਕਤੇ ਹੈ, ਔਰ ਕਿਸੀ ਕੋ ਢੂੰਡਨਾ ਹੈ ਤੋ ਵੋਹ ਭੀ ਕਰ ਸਕਤੇ ਹੈਂ" ਕਹਿ ਕੇ ਉਹ ਇੰਨੀ ਤੇਜ਼ੀ ਨਾਲ ਬਾਹਰ ਨਿਕਲਿਆ, ਜਿੰਨੀ ਤੇਜ਼ੀ ਨਾਲ ਉਹਨਾਂ ਤਿੰਨ ਦਿਨ ਗੋਲੀਆਂ ਚਲਾਉਣ ਦਾ ਅਭਿਆਸ ਕੀਤਾ ਸੀ।

ਪਰ ਸਾਰੇ ਅਜੇ ਵੀ ਹੌਲੀ ਹੌਲੀ ਆਸਾ ਪਾਸਾ ਵੇਖਕੇ ਬਾਹਰ ਨਿਕਲ ਰਹੇ ਸਨ। ਅਤੇ ਉਹਨਾਂ ਨੂੰ ਅਜੇ ਵੀ ਇਹ ਡਰ ਸੀ ਕਿ ਕਿਤੇ ਇਹ ਵੀ ਇਹਨਾਂ ਦੀ ਕੋਈ ਮਾਰਨ ਦੀ ਸਾਜ਼ਸ਼ ਨਾ ਹੋਵੇ। ਪਰ ਉਹ ਅਜੇ ਵੀ ਉੱਥੇ ਹੀ ਬੈਠਾ ਸੀ। ਚਾਹ-ਪਾਣੀ ਦੀ ਉਸਨੂੰ ਕੋਈ ਤਮੰਨਾ ਨਹੀਂ ਸੀ ਅਤੇ ਉੱਠਣ ਦੀ ਉਸ ਵਿਚ ਉਂਝ ਵੀ ਹਿੰਮਤ ਨਹੀਂ ਸੀ। ਨਾਲੇ ਉਹ ਸੋਚ ਰਿਹਾ ਸੀ ਕਿ ਆਪ ਲੱਭਣ ਤੋਂ ਇਥੇ ਬੈਠਣਾ ਹੀ ਠੀਕ ਹੈ। ਪਤਨੀ ਕਮਰਾ ਜਾਣਦੀ ਹੈ ਆਪੇ ਆ ਜਾਵੇਗੀ। ਮੈਂ ਕਿਥੇ ਲੱਭਾਂਗਾ। ਬਾਕੀ ਸਾਲਿਆਂ ਦਾ ਵੀ ਕੋਈ ਪਤਾ ਨਹੀਂ ਕਿ ਕਦੋਂ ਫਿਰ ਲੜਾਈ ਸ਼ੁਰੂ ਕਰ ਦੇਣ। ਅਤੇ ਤੁਰੇ ਫਿਰਦੇ ਦੇ ਉਸਦੇ ਗੋਲੀ ਵੱਜੇ ਅਤੇ ਉਹ ਭੰਗ ਦੇ ਭਾਣੇ ਹੀ...।

ਘੰਟਾ ਭਰ ਬੈਠਣ ਤੀਕ ਪਤਨੀ ਨਾ ਆਈ। ਉਸਦੇ ਮਨ ਅੰਦਰ ਖੋਹ ਪੈਣੀ ਸ਼ੁਰੂ ਹੋ ਗਈ। ਉਹ ਉੱਠਿਆ ਅਤੇ ਸਾਰੇ ਕਮਰਿਆਂ 'ਚੋਂ ਨਿਗਾਹ ਮਾਰਦਾ ਲੰਗਰ ਵਿਚ ਪਹੁੰਚ ਗਿਆ। ਪਰ ਪਤਨੀ ਉਸਨੂੰ ਅਜੇ ਵੀ ਨਾ ਮਿਲੀ। ਚਾਹ ਪੀਣ ਨੂੰ ਉਸਦੀ ਉੱਕਾ ਰੂਹ ਨਹੀਂ ਸੀ ਕਰਦੀ। ਉਹ ਉਵੇਂ ਹੀ ਆਪਣੇ ਕਮਰੇ ਵਿਚ ਪਰਤ ਆਇਆ। ਉਸ ਦੇ ਅੰਦਰੋਂ ਜਿਵੇਂ ਕਿਸੇ ਨੇ ਬਹੁਤ ਕੁਝ ਨੋਚ ਲਿਆ ਹੋਵੇ ਪਤਨੀ ਉੱਥੇ ਵੀ ਨਹੀਂ ਆਈ ਸੀ। ਅਤੇ ਉਹ ਬਾਹਰ ਆ ਕੇ ਇਉਂ ਪ੍ਰਕਰਮਾਂ ਵਿਚ ਬੈਠ ਗਿਆ। ਜਿਵੇਂ ਕਿਸੇ ਦੇ ਸੱਥਰ ਉੱਤੇ ਬੈਠੀਦਾ ਹੈ।

ਦੂਰ ਤੱਕ ਨਜ਼ਰ ਮਾਰਿਆਂ ਲਾਸ਼ਾਂ ਹੀ ਲਾਸ਼ਾਂ ਦਿਸਦੀਆਂ ਸਨ। ਸਰੋਵਰ ਦਾ ਪਾਣੀ ਐਨਾ ਲਾਲ ਸੀ ਕਿ ਸੂਰਜ ਨੂੰ ਆਪਣਾ ਚਿਹਰਾ ਵੇਖਣ ਲੱਗੇ ਦੀਆਂ ਅੱਖਾਂ ਚੁੰਧ ਗਈਆਂ ਅਤੇ ਉਹ ਬੱਦਲਾਂ ਦਾ ਖੇਸ ਓੜ ਲਿਆ। ਪ੍ਰਕਰਮਾ ਸੀ, ਉਸ ਉੱਪਰ ਖਾਲੀ ਖੋਖੇ ਰੁਲ ਰਹੇ ਸਨ। ਉਸਨੇ ਹਾਲੀਂ ਤੀਕ ਕੋਈ ਜੰਗ ਨਹੀਂ ਸੀ ਲੜੀ ਪਰ ਉਹ ਫੇਰ ਵੀ ਸੋਚ ਗਿਆ, ਕਿ ਏਨੀ ਘਮਸਾਨ ਤਾਂ ਸ਼ਾਇਦ ਦੋ ਦੇਸ਼ਾਂ ਦੀ ਲੜਾਈ ਵੇਲੇ ਵੀ ਨਾ ਹੁੰਦੀ ਹੋਵੇ।

ਲਾਸ਼ਾਂ ਵੱਲ ਵੇਖਦੇ ਵੇਖਦੇ ਦੀਆਂ ਉਸਦੀਆਂ ਅੱਖਾਂ 'ਚ ਧੋਹਲੀ ਉੱਗਣੀ ਸ਼ੁਰੂ ਹੋ ਗਈ ਅਤੇ ਉਹ ਨੀਵੀਂ ਪਾ ਗਿਆ। ਉਸ ਦੀ ਭੁੱਖ ਫਿਰ ਤੋਂ ਚਮਕਣ ਲੱਗ ਪਈ ਸੀ। ਪਰ ਕੁਝ ਖਾਣ ਦਾ ਕੁੱਝ ਵੀ ਵਸੀਲਾ ਨਹੀਂ ਸੀ ਬਣ ਰਿਹਾ ਕਿ ਇੰਨੇ ਵਿਚ ਸਪੀਕਰ ਤੋਂ ਅਨਾਊਂਸਮੈਂਟ ਹੋਣ ਲੱਗ ਪਈ ਸੀ।–'ਇਸ ਮੰਦਰ ਕੇ ਭਗਤ ਜੋ ਭੀ ਬਾਹਰ ਕੇ ਲੋਗ ਇਸ ਇਮਾਰਤ ਮੇਂ ਠਹਿਰੇ ਹੈਂ, ਉਨਹੇਂ ਹਿਦਾਇਤ ਕੀ ਜਾਤੀ ਹੈ। ਕਿ ਇਸ ਇਮਾਰਤ ਕੇ ਬੀਚ ਜੋ ਭੀ ਲਾਸ਼ੇ ਪੜੀ ਹੂਈ ਹੈਂ। ਉਨਹੇ ਉਠਾਕਰ ਬਾਹਰ ਟਰੱਕੋਂ ਮੇਂ ਫੇਂਕਨਾ ਹੋਗਾ। ਇਸ ਕੇ ਬਦਲੇ ਉਨ ਕੀ ਭੂਖ ਕਾ ਖਿਆਲ ਰਖਤੇ ਹੂਏ ਉਨਹੇਂ ਭੂਨੇ ਹੋਏ ਚਨੇ ਦੀਏ ਜਾਏਂਗੇ।' ਇਸ ਅਨਾਊਂਸਮੈਂਟ ਦੇ ਹੁੰਦਿਆਂ ਹੀ ਇਹ ਸਿਲਸਿਲਾ ਸ਼ੁਰੂ ਹੋ ਗਿਆ। ਫੌਜੀ ਰਾਈਫਲਾਂ ਦਿਆਂ ਬੱਟਾਂ ਨਾਲ ਲੋਕਾਂ ਨੂੰ ਨੂੰ ਲਿਜਾ ਰਹੇ ਸਨ। ਔਰਤਾਂ-ਮਰਦ ਸਭ ਦਾ ਬੂ-ਕੁਰਲਾਹਟ ਮੱਚਿਆ ਹੋਇਆ ਸੀ। ਫਿਰ ਤੋਂ ਮਾਰਤੇ ਉਇ, ਬਚਾਲੋ ਉਇ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਇਹ ਦੂਜੀ ਲੜਾਈ ਸ਼ੁਰੂ ਹੋ ਚੁੱਕੀ ਸੀ। ਜਿਸਨੇ ਪਹਿਲੀ ਕਤਲਗਾਹ ਨੂੰ ਹਨੇਰੇ ਮਕਬਰਿਆਂ ਵੱਲ ਲਿਜਾਣਾ ਸੀ।–'ਮੇਰੇ ਸਾਲੇ ਨਾ ਹੋਣ ਤਾਂ ਮਾਰੀ ਤਾਂ ਕੁੱਤਿਆਂ ਬਿੱਲਿਆਂ ਵਾਂਗੂੰ ਗਏ ਹੁਣ ਚੱਕੂ ਥੋੜਾ ਪਿਉ।' ਮੂੰਹੋਂ ਬੋਲ ਕੇ ਬਿਨਾਂ ਕਿਸੇ ਨੂੰ ਸੁਣਾਏ ਉਹ ਉੱਥੇ ਹੀ ਬੈਠਾ ਰਿਹਾ।

ਪਤਨੀ ਦੀ ਯਾਦ ਨਾਲੋਂ ਜ਼ਿਆਦਾ ਹੁਣ ਉਸਨੂੰ

ਭੁੱਖ ਘੋਰ ਰਹੀ ਸੀ। ਉਸਦਾ ਬੁਰਾ ਹਾਲ ਹੋ ਰਿਹਾ ਸੀ। ਢਿੱਡ ਅੰਦਰ ਖੋਹ ਪੈਣੀ ਸ਼ੁਰੂ ਹੋ ਗਈ ਸੀ। ਉਹ ਵਾਰ ਵਾਰ ਢਿੱਡ ਨੂੰ ਫੜ ਰਿਹਾ ਸੀ ਪਰ ਉਸਦਾ ਕੋਈ ਵੀ ਵਸੀਲਾ ਨਹੀਂ ਸੀ ਬਣ ਰਿਹਾ।

—'ਅਰੇ ਤੁਮਹੇਂ ਸੁਣਾ ਨਹੀਂ'। ਉਠੋ ਉਧਰ ਫੇਂਕੋ ਲਾਸ਼ ਕੋ।' ਬੇ-ਧਿਆਨੇ ਹੀ ਇੱਕ ਫ਼ੌਜੀ ਦੇ ਕੜਕਵੇ ਬੋਲ ਉਸਦੇ ਕੰਨੀ ਪਏ। ਜਿਸਦੀ ਸੰਗੀਨ ਉਸਦੇ ਮੋਢਿਆਂ ਉੱਤੇ ਧਰੀ ਹੋਈ ਸੀ ਅਤੇ ਉਹ ਖੜਾ ਆਪਣੀ ਟੋਪੀ ਨਾਲ ਆਪਨੂੰ ਹਵਾ ਝੱਲ ਰਿਹਾ ਸੀ।

—'ਮੈਂ ਵੀ ਸਿੱਖ ਰਜਮੈਂਟ ਕਾ ਏਕ ਨੌਜਵਾਨ ਹੂੰ। ਸ਼ਾਦੀ ਕੇ ਲੀਏ ਛੁੱਟੀ ਪੇ ਆਇਆ ਥਾ ਔਰ ਉਸਕੇ ਬਾਅਦ ਜਹਾਂ ਆਕਰ ਘਿਰ ਗਿਆ। ਆਪ ਮੇਰੀ ਮੱਦਦ ਕੀਜੀਏ ਮੇਰੀ ਬੀਵੀ ਗੁਆਚ ਗਈ ਹੈ।' ਉਹ ਇੱਕੋ ਸਾਹੇ ਡਰ ਨਾਲ ਜਾਂ ਹੌਂਸਲੇ ਨਾਲ ਇਹ ਕਿੰਨੇ ਹੀ ਸ਼ਬਦ ਬੋਲ ਗਿਆ। ਜਿਵੇਂ ਕਿ ਇਹਨਾਂ ਸ਼ਬਦਾਂ ਨਾਲ ਉਸਦੇ ਸਾਰੇ ਮਸਲੇ ਹੱਲ ਹੋ ਜਾਣਗੇ, ਅਤੇ ਉਹ ਪਤਨੀ ਨੂੰ ਲੈਕੇ ਵਾਪਸ ਪਿੰਡ ਪਰਤ ਲਏਗਾ।

—'ਅਪਨਾ ਆਈਡੈਂਟਿਟੀ ਕਾਰਡ ਵਿਖਾਈਏ। ਫਿਰ ਹਮ ਆਪਕੀ ਕੋਈ ਮੱਦਦ ਭੀ ਕਰ ਸਕੇਂਗੇ।

—'ਮੈਂ ਸ਼ਗਨਾਂ ਦੇ ਕੱਪੜਿਆਂ 'ਚ ਆਇਆ ਸੀ ਔਰ ਇਨ ਕਪੜੋਂ ਮੇਂ ਸਰਕਾਰੀ ਪਹਿਚਾਨ ਕੋ ਅਪਨੇ ਸਾਥ ਰੱਖਨਾ ਮੁਝੇ ਅੱਛਾ ਨਹੀਂ ਲਗਾ। ਇਸ ਲੀਏ ਉਸੇ ਘਰ ਹੀ ਛੋੜ ਆਇਆ।

—'ਸਾਲਾ ਬਾਗ਼ੀ ਝੂਠ ਬੋਲਤਾ ਹੈ। ਅਗਰ ਤੌਹੀਨ ਮਾਨਤੇ ਹੋ ਫਿਰ ਨੌਕਰੀ ਛੋੜਦੋ। ਯੂੰ ਕਿਸੀ ਸੇ ਸੁਨ ਕਰ ਹੀ ਹਮ ਮਾਨਲੇਂ ਫਿਰ ਤੋ ਹਰ ਕੋਈ ਮਿਲਟਰੀ ਕਾ ਜਵਾਨ ਬਨ ਜਾਏ। ਚਲੋ ਉਠੋ ਉਠਾਓ ਲਾਸ਼ ਔਰ ਫੇਂਕੋ ਟਰੱਕ ਮੇਂ।'

—'ਮੁਝੇ ਭੂਖ ਬਹੁਤ ਲਗੀ ਹੈ ਔਰ ਕੁਝ ਖਾਏ ਬਗੈਰ ਲਾਸ਼ ਕੈਸੇ ਉਠਊਂਗਾ।' ਪਤਨੀ ਨੂੰ ਅਸਲੋਂ ਹੀ ਭੁਲਕੇ ਆਖ਼ਰ ਆਂਦਰਾਂ ਵਿਲਕ ਪਈਆਂ।

'ਐਸੇ ਨਹੀਂ ਉਠੇਂਗੇ।' ਕਹਿਕੇ ਫੌਜੀ ਨੇ ਜਿਉਂ ਹੀ ਬੱਟ ਉੱਘਰਿਆ ਤਾਂ ਉਹ ਉਠਕੇ ਆਪਣੇ ਆਪ ਅੱਗੇ ਤੁਰ ਪਿਆ। ਕਮੀਣਾਂ ਦਾ ਕੰਮ ਅੱਜ-ਇੱਥੋਂ ਤੱਕ ਵੀ ਨੌਬਤ ਆਉਣੀ ਸੀ। ਪਰ ਉੱਧਰੋਂ ਭੁੱਖ ਕਿ ਉਸ ਨਾਲ ਉਹ ਲੜ ਨਾ ਸਕਿਆ ਅਤੇ ਉਹ ਇਹ ਕਹਿਕੇ ਜਿੱਤ ਗਈ —'ਚਲੋ ਕੋਈ ਗੱਲ ਨੀ ਮੇਰੇ ਭਰਾਵਾਂ ਦੀਆਂ ਲਾਸ਼ਾਂ ਈ ਨੇ, ਪੰਜਾਬੀ ਵੀਰਾਂ ਦੀਆਂ।'

ਇੱਕ ਇੱਕ ਲਾਸ਼ ਤੋਂ ਬਾਅਦ ਜਦੋਂ ਹਰੀ ਦਹਿਸ਼ਤ ਨੇ ਦੂਜੀ ਲਾਸ਼ ਚੁੱਕਣ ਦਾ ਰੋਹਬ ਮਾਰਿਆ ਤਾਂ ਸਭ ਦੀ ਜਿਵੇਂ ਭੁੱਖ ਵਿਲਕ ਪਈ, 'ਜਨਾਬ ਥੋੜੇ ਥੋੜੇ ਛੋਲੇ ਦੇ ਦੋ ਤਿੰਨ ਦਿਨਾਂ ਦੇ ਭੁੱਖੇ ਆਂ, ਫੇਰ ਈ ਕੰਮ ਹੋਊਗਾ।' ਗੁਰੂਆਂ ਦੇ ਸ਼ਰਧਾਲੂਆਂ ਦੀ ਮੰਗ ਸੁਣਕੇ ਉਹਨਾਂ ਮੰਨ ਲਈ।

—'ਚਨੇ ਜਲਦੀ ਖਾਓ; ਔਰ ਜਲਦੀ ਆਓ।' ਇਹ ਆਵਾਜ਼ ਸਪੀਕਰ 'ਚੋਂ ਆ ਰਹੀ ਸੀ। ਸੁਣਦਿਆਂ ਹੀ ਜਿਵੇਂ ਕੋਈ ਕੁੱਤਾ ਉਹਦੇ ਹੱਥਾਂ 'ਚੋਂ ਛੋਲੇ ਖੋਹ ਕੇ ਲੈ ਗਿਆ ਹੋਵੇ। ਉਂਗਲਾਂ 'ਚ ਆਏ ਪਹਿਲੇ ਦਾਣੇ ਮੂੰਹ 'ਚ ਪਾਉਂਦਿਆਂ ਹੀ ਉਹਨੂੰ ਸ਼ਿੰਦਰ ਯਾਦ ਆ ਗਈ। 'ਨਹੀਂ ਮੇਰਾ ਹੱਕ ਨੀਂ ਬਣਦਾ ਚੰਨ, ਜਦੋਂ ਤੁਸੀਂ ਰੋਟੀ ਖਾਲੀ, ਤਾਂ ਮੈਂ ਤਾਂ ਸਮਝ ਲੋ ਰੱਜਲੀ। ਤੀਵੀਂ ਦਾ ਕੀ ਹੁੰਦੈ ਆਵਦੇ ਆਦਮੀ ਨੂੰ ਖਾਂਦੇ ਨੂੰ ਵੇਖਕੇ ਹੀ ਰੱਜ ਜਾਂਦੀ ਐ।' ਉਸਦੇ ਗੱਲ 'ਚੋਂ ਹਉਕਾ ਅਤੇ ਅੱਖਾਂ 'ਚੋਂ ਰੋਣ ਨਿਕਲ ਗਿਆ ਅਤੇ ਉਸਦੀ ਭੁੱਖ ਹੋਰ ਉੱਚੀ ਹੋ ਗਈ, ਚੰਦਰੀਏ ਹੁਣ ਵੀ ਤਾਂ ਤੇਰਾ ਖਵਾਇਆ ਈ ਖਾ ਰਿਹਾ। ਹੁਣ ਜਿਹੜੀ ਪਹਿਲੀ ਲਾਸ਼ ਸਿੱਟਕੇ ਆਇਆਂ, ਉਹ ਲਾਸ਼ ਤੇਰੀ ਹੀ ਤਾਂ ਸੀ ਜੀਹਦੇ ਬਦਲੇ ਮੈਨੂੰ ਥਾਲੀ 'ਚ ਰੱਖੀ ਰੋਟੀ ਨੀ ਆਹ ਛੋਲੇ ਮਿਲੇ ਨੇ, ਹੋਲੇ।' ਕਹਿੰਦਿਆਂ ਹੀ ਭੁੱਖ ਫੇਰ ਚਮਕ ਪਈ ਅਤੇ ਉਹ ਹੱਥਾਂ ਨਾਲ ਅੱਖਾਂ ਪੂੰਝਕੇ ਛੋਲੇ ਖਾਣ ਲੱਗ ਪਿਆ', ਛੇਤੀ, ਛੇਤੀ..।'

---

## ਪਾਠਕ ਲੇਖਕ ਫੋਰਮ

### ਪੰਜਾਬ ਸਮੱਸਿਆ ਪ੍ਰਤੀ ਜਮਹੂਰੀ ਮੋਰਚੇ ਦੀ ਲੋੜ

ਚਾਹੇ ਰਾਜੀਵ ਗਾਂਧੀ ਭਾਰਤ ਅੰਦਰ ਮੌਸਮੀ ਕਰੋਪੀ ਕਾਰਨ ਪੈਦਾ ਹੋਏ ਭਿਆਨਕ ਮੌਕੇ ਨੂੰ ਅਤੇ ਵਿਰੋਧੀ ਪਾਰਟੀਆਂ ਬੋਫੋਰਜ਼ ਤੋਪਾਂ ਵਿਚਲੀ ਰਿਸ਼ਵਤ ਖੋਰੀ ਨੂੰ ਪੂਰੇ ਜ਼ੋਰ ਨਾਲ ਅੱਜ ਦਾ ਮੁਖ ਕੌਮੀ ਮਸਲਾ ਬਣਾ ਕੇ ਪੇਸ਼ ਕਰ ਰਹੀਆਂ ਹਨ ਪਰ ਇਨ੍ਹਾਂ ਦੀ ਮਹੱਤਤਾਂ ਦੇ ਬਾਵਜੂਦ ਪੰਜਾਬ ਮਸਲਾ ਦੇਸ਼ ਦੀ ਸਿਆਸਤ ਅੰਦਰ ਗੰਭੀਰਤਾ ਦੀ ਸਭ ਤੋਂ ਵੱਧ ਮੰਗ ਕਰਨ ਵਾਲਾ ਮਸਲਾ ਬਣਿਆ ਹੀ ਰਹੇਗਾ। ਸੋਕੇ ਤੋਂ ਰਾਹਤ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ, ਰਾਜੀਵ ਸਰਕਾਰ ਦੇ ਬਦਲਨ ਨਾਲ ਬੋਫੋਰਜ਼ ਮਸਲਾ ਠੰਡਾ ਪੈ ਸਕਦਾ ਹੈ, ਪਰ ਦੇਸ਼ ਦਾ ਮੌਜੂਦ ਰਾਜਨੀਤਕ ਵਾਤਾਵਰਨ ਬਦਲਨ ਤੋਂ ਬਿਨਾਂ ਪੰਜਾਬ ? ਮਸਲਾ ਹੱਲ ਨਹੀਂ ਹੋ ਸਕਦਾ ਸਗੋਂ ਇਸ ਦੇ ਉਲਟ ਦਿਨੋ ਦਿਨ ਇਸ ਦੀ ਪੇਚੀਦਗੀ ਵਧਣ ਨਾਲ ਇਹ ਹੋਰ ਮੁਸ਼ਕਲਾਂ ਖੜੀਆਂ ਕਰੇਗਾ।

ਪੰਜਾਬ ਅੰਦਰ ਵਾਪਰ ਰਹੀਆਂ ਘਟਨਾਵਾਂ ਅੰਦਰ ਆਉਂਦੇ ਵਕਤੀ ਉਤਰਾਅ-ਚੜ੍ਹਾਅ ਤੋਂ ਕਈ ਲੋਕ ਅਜੇਹੇ ਨਤੀਜੇ ਕੱਢ ਬੈਠਦੇ ਹਨ ਕਿ ਹੁਣ ਇਹ ਹੱਲ ਹੋਣ ਦੇ ਨੇੜੇ ਆ ਗਿਆ ਹੈ। ਖਾਸ ਤੌਰ ਤੇ ਇਸ ਨੂੰ

ਅਮਨ-ਕਾਨੂੰਨ ਦੀ ਸਮੱਸਿਆ ਸਮਝਣ ਵਾਲੇ ਲੋਕ, ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਤੇ ਅੱਜ ਕਲ ਰੇਅ-ਰਿਬੇਰੋ ਦੀ ਚੜ੍ਹਤ ਤੋਂ ਇਹ ਸਿੱਟੇ ਕੱਢਦੇ ਹਨ। ਖਾਲਿਸਤਾਨ ਪੱਖੀ ਲੋਕ ਪੰਜਾਬ ਮਸਲੇ ਤੇ ਅਜੇ ਤੱਕ ਕੋਈ ਪ੍ਰਭਾਵਸ਼ਾਲੀ ਥੜਾ ਨਹੀਂ ਉਸਾਰ ਸਕੇ ਜਿਸ ਕਰਕੇ ਪੰਜਾਬ ਅੰਦਰ ਦੋ ਹੀ ਮੁਖ ਰਾਜਨੀਤਿਕ ਧਿਰਾਂ ਪ੍ਰਭਾਵੀ ਹਨ। ਪਹਿਲੀ ਉਹ ਧਿਰ ਜਿਹੜੀ ਭਾਰਤੀ ਰਾਜ ਨੂੰ ਧਰਮ ਨਿਰਪੱਖ ਤੇ ਜਮਹੂਰੀ" ਕਰਾਰ ਦੇ ਕੇ ਪੁਆੜੇ ਦੀ ਜੜ੍ਹ ਖਾਲਿਸਤਾਨੀਆਂ ਨੂੰ ਮੰਨਦੀ ਹੈ ਤੇ ਦੂਜੀ ਉਹ ਜੋ ਭਾਰਤੀ ਰਾਜ ਨੂੰ ਹਿੰਦੂ ਸਾਮਰਾਜ ਕਹਿਕੇ ਸਿਖਾਂ ਦੀ ਮੁਕਤੀ ਲਈ ਲੜਨਾ ਚਹੁੰਦੀ ਹੈ। ਸੈਕੂਲਰ ਕਹਾਉਂਦੇ ਲੋਕ ਆਪਸ ਵਿਚ ਤਿੰਨ ਧੜਿਆਂ ਵਿਚ ਵੰਡੇ ਹੋਏ ਹਨ। (1) ਉਹ ਜੋ ਮੁਖ ਲੜਾਈ ਖਾਲਿਸਤਾਨੀਆਂ ਦੇ ਵਿਰੁਧ ਦੇਣੀ ਚਹੁੰਦੇ ਹਨ ਤੇ ਨਾਲ ਕੇਂਦਰ ਦੀ ਅਲੋਚਨਾ ਕਰਨਾ ਚਹੁੰਦੇ ਹਨ।

(2) ਉਹ ਜੋ ਕੇਂਦਰ ਤੇ ਖਾਲਿਸਤਾਨੀਆਂ ਨੂੰ ਬਰਾਬਰ ਤੇ ਰਖਕੇ ਲੜਨਾ ਚਾਹੁੰਦੇ ਸਨ।

(3) ਉਹ ਜੋ ਮੁਖਤੌਰ ਤੇ ਕਾਂਗਰਸ ਤੇ ਕੇਂਦਰੀ ਸਰਕਾਰ ਵਿਰੁਧ ਲੜਾਈ ਤੇ ਕੇਂਦਰ ਕਰਦਿਆਂ ਖਾਲਿਸ-ਤਾਨੀਆਂ ਦੀ ਅਲੋਚਨਾ ਕਰਨਾ ਚਾਹੁੰਦੇ ਹਨ।

(ਪੰਜਾਬ ਮਸਲੇ ਸਬੰਧੀ ਪੈਗਾਮ ਗਰੁਪ ਕਿਸੇ ਵੀ ਧਰਮ ਨਿਰਪੱਖ ਧਿਰ ਵਿਚ ਨਹੀ ਗਿਣਿਆ ਜਾ ਸਕਦਾ)

ਬਿਨਾਂ ਸ਼ੱਕ ਇਹ ਤਿੰਨੇ ਧਿਰਾਂ ਫਿਰਕਾ ਪ੍ਰਸਤੀ ਵਿਰੋਧੀ ਹਨ ਤੇ ਧਰਮ ਨਿਰਪਖ ਵੀ। ਇਹ ਤਿੰਨੇ ਧਿਰਾਂ ਦੀ ਲੰਮੇ ਪੈਂਤੜੇ ਤੇ ਆਪਸੀ ਸਾਂਝ ਇਸ ਮੁਦੇ ਉਪਰ ਹੈ ਕਿ ਇਹ ਧਰਮ ਤੇ ਸਿਆਸਤ ਨੂੰ ਰਲ ਗੱਡ ਕਰਨ ਦੇ ਸਿਧਾਂਤ ਦੇ ਉਲਟ ਹਨ ਤੇ ਧਰਮ ਨੂੰ ਵਿਅਕਤੀਗਤ ਮਾਮਲਾ ਸਮਝ ਕੇ ਰਾਜ ਨੂੰ ਇਸ ਵਿਚ ਦਖਲ ਅੰਦਾਜ਼ੀ ਕਰਨ ਤੋਂ ਰੋਕਦਿਆਂ ਇਕ ਧਰਮ ਨਿਰਪਖ ਰਾਜਨੀਤੀ ਦੇ ਹਮਾਇਤੀ ਹਨ। ਪਰ ਪੰਜਾਬ ਮਸਲੇ ਦੇ ਫੌਰੀ ਹਲ ਪ੍ਰਤੀ ਇਨਾਂ ਵਿਚ ਭਾਰੀ ਫਰਕ ਹੈ। ਮੁਖ ਦੋਸ਼ੀ ਖਾਲਿਸਤਾਨੀ ਧਿਰ ਨੂੰ ਸਮਝਨ ਵਾਲੇ ਇਸ ਸੱਚ ਨੂੰ ਸਮਝਨ ਤੋਂ ਅਸਮਰਥ ਹਨ ਕਿ ਪੰਜਾਬ ਅੰਦਰ ਧਰਮ ਤੇ ਸਿਆਸਤ ਨੂੰ ਜੋੜਨ ਵਾਲੀ ਅਕਾਲੀ ਧਿਰ ਅਤੇ ਉਸ ਵਿਚੋਂ ਪੈਦਾ ਹੋਇਆ ਅਤਵਾਦੀ ਗਰੁਪ, ਕਾਂਗਰਸ ਤੇ ਉਸਦੀ ਬੁਨਿਆਦ ਗਾਂਧੀਵਾਦ ਦੇ ਲਗਾਤਾਰ ਪ੍ਰਭਾਵ ਦੀ ਹੀ ਉਪਜ ਹੈ ਤੇ ਏਸੇ ਪ੍ਰਭਾਵ ਵਿਚੋਂ ਹੀ ਮੁਸਲਮ ਲੀਗ ਤੇ ਪਾਕਿਸਤਾਨ ਉਪਜਿਆ ਸੀ। ਮਹਾਤਮਾ ਗਾਂਧੀ ਦਾ ਇਹ ਪ੍ਰਸਿਧ ਕਥਨ, ਕਿ ਮੈਂ ਪਹਿਲਾਂ ਹਿੰਦੂ ਹਾਂ ਤੇ ਫਿਰ ਭਾਰਤੀ ਅਤੇ ਮੇਰਾ ਰਾਜਨੀਤਕ ਮਨਸ਼ਾ ਹੈ "ਰਾਮ-ਰਾਜ", ਮਹੁੰਮਦ ਅਲੀ ਜਿਨਾਹ ਦੇ ਇਸ ਪੈਂਤੜੇ ਦਾ ਜਨਮ ਦਾਤਾ ਸੀ ਕਿ ਮੈਂ ਪਹਿਲਾਂ ਮੁਸਲਮਾਨ ਹਾਂ ਤੇ ਫਿਰ ਕੁਝ ਹੋਰ। ਤੇ ਏਸੇ ਵਿਚੋਂ ਜਨਮੀ ਸੀ ਇਹ ਅਕਾਲੀ ਰਾਜਨੀਤੀ ਕਿ ਅਸੀਂ ਪਹਿਲਾਂ ਸਿਖ ਹਾਂ ਤੇ ਫਿਰ ਕੁਝ ਹੋਰ। ਭਾਰਤੀ ਰਾਜ ਅਤੇ ਕਾਂਗਰਸ ਪਾਰਟੀ ਵਲੋਂ ਗਾਂਧੀ ਦੀਆਂ ਧਾਰਨਾਂਵਾਂ ਤੇ ਚਲ ਕੇ ਜਦ ਹਿੰਦੂ ਫਿਰਕਾ ਪ੍ਰਸਤੀ ਦੀ ਲਗਾਤਾਰ ਪੁਸ਼ਤ ਪਨਾਹੀ ਕੀਤੀ ਜਾਂਦੀ ਰਹੀ ਤਾਂ ਪੰਜਾਬ ਅੰਦਰ ਅਕਾਲੀਆਂ ਦੀ ਇਕ ਧਿਰ ਭਿੰਡਰਾਂ ਵਾਲੇ ਦੀ ਅਗਵਾਈ ਹੇਠ ਸਿਖਾਂ ਲਈ ਇਕ ਵਖਰੇ ਰਾਜ ਦੀ ਮੰਗ ਤੱਕ ਆ ਪਹੁੰਚੀ ਹੈ। ਖਬੇ-ਪਖੀਆਂ ਦੀ ਇਹ ਪਹਿਲੀ ਧਿਰ ਪ੍ਰਭਾਵ ਨੂੰ ਕਾਰਨ ਤੋਂ ਪਹਿਲਾਂ ਰਖਕੇ ਗੈਰ ਵਿਗਿਆਨਕ ਪੈਂਤੜਾ ਲੈ ਰਹੀ ਹੈ ਤੇ ਦੂਜੀ ਧਿਰ ਕਾਰਨ ਤੇ ਪ੍ਰਭਾਵ ਨੂੰ ਬਰਾਬਰ ਰਖਕੇ ਕਾਰਨ ਦੇ ਮੁਖ ਰੋਲ ਨੂੰ ਘਟਾ ਰਹੀ ਹੈ ਤੇ ਹਲ ਪੇਸ਼ ਕਰਨ ਵਿਚ ਖੁਦ ਨੂੰ ਕਸੂਤਿਆਂ ਵਿਚ ਫਸਾ ਰਹੀ ਹੈ।

ਤੀਜੀ ਧਿਰ ਜਿਸ ਵਿਚ ਮੁਖ ਤੌਰ ਤੇ ਇਨਟਰ-ਨੈਸ਼ਨਲਿਸਟ ਡੈਮੋਕਰੇਟਿਕ ਫ਼ਰੰਟ ਸ਼ਾਮਲ ਹੈ ਮੁਕਾਬਲਤਨ ਦਰੁਸਤ ਪੈਂਤੜਾ ਅਖਤਿਆਰ ਕਰ ਰਹੀ ਹੈ। ਇਸ ਧਿਰ ਦੀ ਰਾਏ ਹੈ ਕਿ ਮੁਖ ਤੌਰ ਤੇ ਪੰਜਾਬ ਅੰਦਰ ਤੇ ਆਮ ਤੌਰ ਤੇ ਭਾਰਤ ਭਰ ਵਿਚ ਪੈਦਾ ਕੀਤੀ ਮੌਜੂਦਾ ਹਾਲਤ, ਜਿਸ ਅੰਦਰ ਲੋਕ ਏਕਤਾ ਫਿਰਕੂ ਅਧਾਰਾਂ ਤੇ ਵੰਡੀਦੀ ਜਾ ਰਹੀ ਹੈ ਤੇ ਦੇਸ਼ ਖਾਨਾਜੰਗੀ ਅਤੇ ਬਦੇਸ਼ੀ ਦਖਲ ਅੰਦਾਜ਼ੀ ਦੇ ਦੌਰ ਵੱਲ ਵਧਦਾ ਜਾ ਰਿਹਾ ਹੈ, ਗਾਂਧੀ ਵਾਦੀ ਵਿਚਾਰਧਾਰਾ ਦੀ ਰਾਜਨੀਤਕ ਉਪਜ ਹੈ ਜਿਸ ਤੇ ਚਲਦਿਆਂ ਕਾਂਗਰਸ ਪਾਰਟੀ ਨੇ ਅੰਗਰੇਜ਼ਾਂ ਵਲੋਂ ਚਲਾਏ ਧਰਮ ਅਧਾਰਤ ਵੋਟ ਨਕਸ਼ੇ ਅਤੇ ਬਾਅਦ ਵਿਚ ਧਰਮ ਅਧਾਰਤ ਰਾਜ ਨੂੰ ਪ੍ਰਵਾਨ ਕੀਤਾ ਤੇ 1947 ਤੋਂ ਹੁਣ ਤੱਕ ਧਰਮਨਿਰਪਖਤਾ ਦੇ 'ਨਾਂ' ਤੇ ਬਹੁਗਿਣਤੀ ਧਰਮ ਦੀਆਂ ਭਾਵਨਾਵਾਂ ਨੂੰ ਵਰਤਿਆ। ਕਾਂਗਰਸ ਦੇ ਮੁਕਾਬਲੇ ਵਿਚ ਖੜੀਆਂ ਆਮ ਕੌਮੀ ਪਾਰਟੀਆਂ ਨੇ ਵੀ ਗਾਂਧੀਵਾਦ ਨੂੰ ਪ੍ਰਵਾਨ ਕੀਤਾ ਤੇ ਇਹ ਵੀ ਇਸ ਪ੍ਰਕ੍ਰਿਆ ਵਿਚ ਸਹਾਇਕ ਸਿਧ ਹੋਈਆਂ। ਇਹ ਧਿਰ ਮੰਨਦੀ ਹੈ ਕਿ ਅਜੋਕਾ ਰਾਜ, ਜਿਸਨੂੰ ਆਮ ਲੋਕਾਂ ਦੇ ਰਾਜਨੀਤਕ ਸਭਿਆਚਾਰਕ ਤੇ ਆਰਥਕ ਪਹਿਲੂਆਂ ਦੇ ਬੰਦੋਬਸਤ ਨਾਲ ਸਬੰਧਤ ਹੋਣਾ ਪੈਂਦਾ ਹੈ ਇਕ ਖਾਸ ਧਰਮ ਨਾਲ ਨਥੀ ਹੋਕੇ ਨਿਰਪਖ ਨਹੀਂ ਰਹਿ ਸਕਦਾ। ਧਰਮ ਦੀ ਇਤਿਹਾਸਕ ਹਾਂ ਪਖੀ ਭੂਮਿਕਾ ਨੂੰ ਸਵੀਕਾਰਦਿਆਂ ਹੋਇਆਂ ਵੀ ਇਹ ਧਿਰ ਅਜੋਕੀ ਹਾਲਤ ਵਿਚ ਇਸਦੇ ਰਾਜਨੀਤੀ ਨਾਲ ਰਲਗਡ ਹੋਣ ਨੂੰ ਦਰੁਸਤ ਨਹੀਂ ਮੰਨਦੀ। ਸੋ ਜਿਥੇ ਲੰਮੇਂ ਪੈਂਤੜੇ ਵਜੋਂ ਇਹ ਸੰਸਾਰ ਅੰਦਰ ਤੇ ਭਾਰਤ ਅੰਦਰ ਇਕ ਧਰਮ ਨਿਰਪਖ ਤੇ ਜਮਹੂਰੀ ਰਾਜ ਦੀ ਸਥਾਪਨਾ ਕਰਨ ਲਈ ਯਤਨਸ਼ੀਲ ਹੈ

ਉਥੇ ਫੌਰੀ ਤੌਰ ਤੇ ਪੰਜਾਬ ਸਮਸਿਆ ਦੇ ਹੱਲ ਲਈ ਕੇਂਦਰੀ ਸਰਕਾਰ ਵਿਰੁਧ ਇਕ ਲਹਿਰ ਲਾਮਬੰਦ ਕਰਦਿਆਂ ਤੇ ਖਾਲਿਸਤਾਨੀ ਧਿਰ ਦੀ ਅਲੋਚਨਾਂ ਕਰਦਿਆਂ ਇਕ ਲੋਕ ਲਹਿਰ ਜਥੇਬੰਦ ਕਰ ਰਹੀ ਹੈ। ਇਸ ਧਿਰ ਵਲੋਂ ਪਿਛਲੇ ਲੰਮੇ ਸਮੇਂ ਤੋਂ ਲਗਭਗ ਉਹੀ ਮੰਗਾਂ ਉਠਾਈਆਂ ਜਾ ਰਹੀਆਂ ਹਨ ਜੋ ਸਤੰਬਰ ਅੰਕ ਵਿਚ ਪੇਪਰ ਸਮਤਾ ਦੇ ਸੰਪਾਦਕ ਸ੍ਰੀ ਗੁਰਸ਼ਰਨ ਸਿੰਘ ਨੇ ਵੀ ਉਠਾਈਆਂ ਹਨ ਲਗਭਗ ਰਲਦੀਆਂ ਮਿਲਦੀਆਂ ਮੰਗਾਂ ਕੇਂਦਰੀ ਪੰਜਾਬੀ ਲੇਖਕ ਸਭਾ, ਇੰਡੀਅਨ ਪੀਪਲ ਫਰੰਟ ਤੇ ਸੀ. ਪੀ. ਆਈ. (ਐਮ. ਐਲ.) ਸਤਿਆ ਨਰੈਣ ਧੜੇ ਵਲੋਂ ਵੀ ਉਠ ਰਹੀਆਂ ਹਨ। ਅਸੀਂ ਪੰਜਾਬ ਦੀਆਂ ਅਤੇ ਦੇਸ਼ ਭਰਦੀਆਂ ਸਭ ਜਮਹੂਰੀ ਧਿਰਾਂ ਤੇ ਵਿਅਕਤੀਆਂ ਨੂੰ ਅਪੀਲ ਕਰਦੇ ਹਾਂ ਕਿ ਪੰਜਾਬ ਅੰਦਰ ਅਮਨ ਭਾਈਚਾਰੇ ਦੀ ਸਥਾਪਤੀ ਲਈ ਤੇ ਭਾਰਤ ਅੰਦਰ ਧਰਮ ਨਿਰਪਖ ਤੇ ਜਮਹੂਰੀ ਰਾਜ ਪ੍ਰਬੰਧ ਕਾਇਮ ਕਰਨ ਲਈ ਇਕ ਵਿਸ਼ਾਲ ਅਧਾਰ ਵਾਲਾ ਜਮਹੂਰੀ ਫਰੰਟ ਉਸਾਰਿਆ ਜਾਵੇ ਜਿਸ ਤੇ ਆਪਾਂ ਆਪਣੀਆਂ ਸੀਮਤ ਤਾਕਤਾਂ ਦੇ ਜਮਾਂ-ਜੋੜ ਨਾਲ ਇਕ ਪ੍ਰਭਾਵ ਸ਼ਾਲੀ ਧਿਰ ਵਜੋਂ ਸਾਹਮਣੇ ਆ ਸਕੀਏ।

ਜਸਵੰਤ ਸਿੰਘ ਖਾਲੜਾ

## 2. ਇਕ ਚਿੱਠੀ

—ਸਾਥੀ ਅਸੀਂ ਲੁਧਿਆਣੇ ਪਲਸ ਮੰਚ ਦਾ 12 ਸਤੰਬਰ ਦਾ ਪ੍ਰੋਗਰਾਮ ਦੇਖਿਆ। ਇਕ ਦੋ ਨਾਟਕਾਂ ਨੂੰ ਛੱਡ ਕੇ ਪ੍ਰੋਗਰਾਮ ਵਧੀਆ ਸੀ। ਤੁਹਾਡੇ ਚੋਣੇ ਨਾਟਕ 'ਇਕ ਮਾਂ ਦੋ ਮੁਲਕ' ਤੇ 'ਰਾਜ ਸਾਹਬ' ਦਾ ਨਾਟਕ ਵਧੀਆ ਸਨ। ਵਾਕਿਆ ਈ ਲਗਦਾ ਸੀ ਕਿਸੇ ਚੰਗੇ ਤੇ ਸੁਗੜ ਨਿਰਦੇਸ਼ਕ ਨੇ ਤਿਆਰ ਕਰਵਾਏ ਹਨ। ਬਾਕੀ ਐਕਸ਼ਨ ਗੀਤ 'ਪੰਜਾਬ ਕੂਕਦਾ ਹੈ' ਨੇ ਚੰਗਾ ਰੰਗ ਬੰਨਿਆ ਤੇ ਕੇਵਲ ਧਾਲੀਵਾਲ ਦੀ ਐਕਟਿੰਗ ਐਹੋ ਜਿਹੀ ਸੀ ਕਿ ਸਚੀਓਂ ਹੀ ਲੱਗਦਾ ਸੀ ਕਿ ਵਾਕਿਆ ਈ ਪੰਜਾਬ ਕੂਕਦਾ ਹੈ। ਜੇ ਇਸ ਐਕਸ਼ਨ ਗੀਤ ਨੂੰ ਸਾਰਿਆਂ ਨਾਲੋਂ ਵਧੀਆਂ ਕਿਹਾ ਜਾਵੇ ਤਾਂ ਇਹ ਅਤਕਥਨੀ ਨਹੀਂ ਹੋਵੇਗੀ। ਅਸੀਂ ਆਸ ਕਰਕੇ ਹਾਂ ਕਿ ਤੁਹਾਡੀ ਟੀਮ ਇਸੇ ਤਰ੍ਹਾਂ ਹੀ ਕਲਾ ਦੀਆਂ ਸਿਖਰਾਂ ਛਹਦੀ ਰਹੇ।

ਅੰਗਰੇਜ਼ ਸਿੰਘ ਸਿੱਧੂ
ਲੋਕ ਸਭਿਆਚਾਰਕ ਕੇਂਦਰ ਸਮਾਲਸਰ

## ਪਲਸ ਮੰਚ ਦਾ ਲੁਧਿਆਣਾ ਸਮਾਗਮ

ਲੁਧਿਆਣਾ—ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ 12 ਸਤੰਬਰ ਦੀ ਰਾਤ ਨੂੰ ਸਥਾਨਕ ਪੰਜਾਬੀ ਭਵਨ ਵਿਚ ਲੋਕ ਕਵੀ ਬਾਵਾ ਬਲਵੰਤ ਦੀ ਯਾਦ ਵਿਚ ਇਕ ਜੋਸ਼-ਭਰਪੂਰ ਤੇ ਸ਼ਾਨਦਾਰ ਨਾਟਕ ਮੇਲਾ ਅਤੇ ਗੀਤ ਸੰਗੀਤ ਦਾ ਅਯੋਜਨ ਕੀਤਾ ਗਿਆ। ਇਸ ਨਾਟਕ ਮੇਲੇ ਵਿਚ ਪੰਜਾਬ ਪ੍ਰਸਿਧ ਨਾਟਕ ਟੀਮਾਂ ਅਤੇ ਸੰਗੀਤ-ਮੰਡਲੀਆਂ ਨੇ ਭਾਗ ਲਿਆ। ਜਿੰਨ੍ਹਾਂ ਵਿਚ ਅੰਮ੍ਰਿਤਸਰ ਸਕੂਲ ਆਫ ਡਰਾਮਾ ਵਲੋਂ "ਇਕ ਮਾਂ ਦੋ ਮੁਲਕ" ਅਤੇ ਰਾਜ ਸਾਹਿਬਾਂ ਦਾ, ਲੋਹੀਆ ਨਾਟਕ ਕਲਾ ਕੇਂਦਰ ਵਲੋਂ ਦੋ ਹਿੰਦੀ ਨਾਟਕ "ਮੁਆਵਜਾ" ਅਤੇ "ਭਿਖਾਰੀ", ਪੰਜਾਬ ਨਾਟਕ ਕਲਾ ਕੇਂਦਰ ਸੰਗਰੂਰ ਵਲੋਂ "ਅਪਰਾਧੀ ਕੌਣ ?" ਕਲਾ ਮੰਦਰ ਚੰਡੀਗੜ੍ਹ ਵਲੋਂ ਪੰਜਾਬ ਦੇ ਪ੍ਰਸਿੱਧ ਨਾਟਕਕਾਰ ਡਾ. ਆਤਮ ਜੀਤ ਦੀ ਨਿਰਦੇਸ਼ਨ ਹੇਠ ਛੋਟੇ ਛੋਟੇ ਬੱਚਿਆਂ ਦਾ ਨਾਟਕ "ਗੁਬਾਰੇ", ਲੋਕ ਕਲਾ ਮੰਚ ਮਾਛੀਵਾੜਾ ਵਲੋਂ "ਛਵੀਆਂ ਦੀ ਰੁੱਤ" ਰੰਗ ਮੰਚ ਮੋਗਾ ਵਲੋਂ "ਬਾਝ ਭਰਾਵਾਂ ਸੱਕਿਆ" ਪੰਜਾਬ ਨਾਟਕ ਕਲਾ ਕੇਂਦਰ ਦੋਆਬਾ ਵਲੋਂ "ਜਾਗੋ ਲੋਕ ਜਾਗੋ" ਅਤੇ ਪੰਜਾਬ ਕਲਾ ਮੰਚ ਬੁੱਘੀਪੁਰਾ ਵਲੋਂ "ਜਨਤਾ ਪਾਗਲ ਹੋ ਗਈ" ਨਾਟਕ ਖੇਡੇ ਗਏ।

ਇਸ ਤੋਂ ਇਲਾਵਾ ਅੰਮ੍ਰਿਤਸਰ ਨਾਟਕ ਕਲਾ ਕੇਂਦਰ, ਲੋਹੀਆਂ ਨਾਟਕ ਕਲਾ ਕੇਂਦਰ, ਲੋਕ ਸੰਗੀਤ ਮੰਡਲੀ ਭਦੌੜ, ਸੰਗੀਤ ਮੰਡਲੀ ਬਠਿੰਡਾ ਅਤੇ ਮੁਖਤਾਰ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਗੀਤ, ਪ੍ਰਧਾਨ ਡਾ. ਚਮਨ ਲਾਲ ਨੇ ਲੋਕ ਕਵੀ ਬਾਵਾ ਬਲਵੰਤ ਅਤੇ ਸਮਰਸੈਨ ਨੂੰ ਸ਼ਰਧਾਂਜਲੀ ਭੇਟ ਕੀਤੀ। ਨਾਟਕ ਸਮਾਗਮ 12 ਸਤੰਬਰ ਤੋਂ ਰਾਤ 7 ਵਜੇ ਤੋਂ ਸ਼ੁਰੂ ਹੋ ਕੇ ਸਰਘੀ ਵੇਲੇ ਤਕ ਚਲਦਾ ਰਿਹਾ, ਜਿਸ ਵਿਚ ਲਗਭਗ 2000 ਦਰਸ਼ਕਾਂ ਨੇ ਭਾਗ ਲਿਆ। ਨਾਟਕ ਮੇਲੇ ਤੇ ਲੋਕ-ਪੱਖੀ ਸਾਹਿਤ, ਕੈਸਟਾਂ ਅਤੇ ਕੈਲੰਡਰਾਂ ਆਦਿ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਮੰਚ ਤੇ ਬਾਵਾ ਬਲਵੰਤ ਦੀ ਵੱਡੀ ਪੋਰਟਰੇਟ ਸੁਸ਼ੋਭਤ ਸੀ। ਨਾਟਕ ਮੇਲੇ ਦੀ ਇਹ ਵਿਲੱਖਣਤਾ ਸੀ ਕਿ ਇਹ ਲੱਚਰ, ਬਜ਼ਾਰੂ, ਕਾਮ ਉਕਸਾਊ, ਲੋਕ ਵਿਰੋਧੀ ਸਾਹਿਤ-ਸਭਿਆਚਾਰ ਅੱਗੇ ਲਿਜਾਣ ਲਈ ਭਰਪੂਰ ਉਪਰਾਲਾ ਸੀ। ਪੰਜਾਬ ਦੀ ਮੌਜੂਦਾ ਸੰਤਾਪ ਭਰੀ ਹਾਲਤ ਵਿਚ ਇਹ ਨਾਟਕ ਮੇਲਾ ਸੂਹੀਆਂ ਕਿਰਨਾਂ ਬਖੇਰਦਾ ਸੀ ਤਾਂ ਜੋ ਲੋਕਾਂ ਨੂੰ ਹਨੇਰੀ ਗੁਫਾ 'ਚੋਂ ਬਾਹਰ ਕੱਢਣ ਲਈ ਰਾਹ ਦਰਸਾਇਆ ਜਾ ਸਕੇ।

ਪਲਸ ਮੰਚ ਦੇ 12 ਸਤੰਬਰ ਦੇ ਸਫਲ ਸਮਾਗਮ ਨੂੰ ਸਮਰਪਿਤ ਮੈਂ ਇਕ ਲੇਖ "ਸੁਪਨੇ ਪੂਰੇ ਹੋਏ' ਪਲਸ ਮੰਚ ਮੰਚ ਬਾਰੇ ਲਿਖਿਆ ਹੈ ਜੋ ਅਗਲੇ ਅੰਕ ਵਿਚ ਪਾਠਕਾਂ ਨਾਲ ਸਾਂਝੇ ਕਰਾਂਗਾ। / ਗੁਰਸ਼ਰਨ ਸਿੰਘ

Rged. with the Register News papersVide No. MA/12397-D dated 18 4.80
Post Office No. P/AR—133

# ਸਾਥੀ ਬਲਦੇਵ ਸਿੰਘ ਮਾਨ ਦੀ ਯਾਦ ਵਿਚ

ਸਾਥੀ ਬਲਦੇਵ ਸਿੰਘ ਮਾਨ ਦਾ ਪਹਿਲਾ ਸ਼ਹੀਦੀ ਸਮਾਗਮ 26 ਸਤੰਬਰ ਕੁਕੜਾ ਵਾਲਾ ਮਨਾਇਆ ਗਿਆ। ਕੁਝ ਘਰੇਲੂ ਮਜਬੂਰੀ ਕਰਕੇ ਮੈਂ ਇਸ ਸਮਾਗਮ ਵਿਚ ਆਪ ਸ਼ਾਮਿਲ ਨਹੀਂ ਹੋ ਸਕਿਆ। ਪਰ ਉਸ ਦਿਨ ਉਸ ਯੋਧੇ ਦੀ, ਜਿਸਦੇ ਨਾਲ ਪਿਛਲੇ ਬੜੇ ਸਾਲਾਂ ਤੋਂ ਇਕ ਨੇੜੇ ਦੀ ਸਾਂਝ ਰਹੀ ਸੀ ਬਹੁਤ ਯਾਦ ਆਈ। ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਦੀ ਇਕ ਕਵਿਤਾ ਉਸਦੀ ਯਾਦ ਵਿਚ ਸ਼ਰਧਾਂਜਲੀ ਵਜੋਂ ਸਮਤਾ ਦੇ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ/ਗੁਰਸ਼ਰਨ ਸਿੰਘ

## ਉਹ ਤੁਰ ਗਿਆ ਹੈ

o

ਅਸਲ ਮੱਛੀ ਵਾਂਗ
ਉਸ ਨੂੰ ਸਦਾ ਲਹਿਰਾਂ ਦੇ ਉਲਟ ਤਰਨ ਦੀ ਆਦਤ ਸੀ
ਉਹ ਅਕਸਰ ਕਹਿੰਦਾ ਸੀ—
ਸੈਲਾਬ ਵਿਚ ਮੇਰੀ ਆਪਣੀ ਤਾਰੀ ਹੋਵੇ
ਜੇ ਡੁਬ ਵੀ ਜਾਵਾਂ ਤਾਂ ਅਪਣੇ ਅੰਦਾਜ਼ ਨਾਲ।
ਅਸਲ ਪੰਛੀ ਵਾਂਗ
ਉਸਨੂੰ ਸਦਾ ਝੱਖੜ ਦੇ ਉਲਟ ਉਡਨ ਦੀ ਆਦਤ ਸੀ।
ਉਹ ਅਕਸਰ ਕਹਿੰਦਾ ਸੀ—
ਝਖੜ ਵਿਚ ਮੇਰੀ ਆਪਣੀ ਉਡਾਨ ਹੋਵੇ
ਜੇ ਮਰ ਵੀ ਜਾਵਾਂ ਤਾਂ ਆਪਣੀ ਪਰਵਾਜ਼ ਨਾਲ।
ਉਹ ਕੋਈ ਮਕਾਨ ਨਹੀਂ ਸੀ
ਨਾ ਕੋਈ ਗਿਰਾਂ
ਨਾ ਕੋਈ ਸਰਾਂ
ਉਹ ਤਾਂ ਇਕ ਡੰਡੀ ਸੀ
ਪਹਾੜਾਂ ਨੂੰ ਚੜ੍ਹਦੀ ਵਲ ਖਾਂਦੀ।
ਉਸਦੇ ਮੁੜਕੇ ਵਿਚੋਂ ਪੰਜ ਪਾਣੀ ਵਗਦੇ ਸਨ
ਜਿਸਮ ਵਿਚੋਂ ਆਪਣੀ ਮਿੱਟੀ ਦੀ ਮਹਿਕ ਆਉਂਦੀ ਸੀ
ਉਸਦਾ ਨਿੱਕਾ ਨਿੱਕਾ ਹਾਸਾ ਸਜਰੇ ਚੋਏ ਦੁੱਧ ਵਰਗਾ ਸੀ
ਉਸਨੂੰ ਸ਼ੌਕ ਸੀ—
ਧੁਖਣ ਦਾ ਨਹੀਂ, ਬਲਣ ਦਾ
ਰੀਂਗਣ ਦਾ ਨਹੀਂ, ਦੌੜਣ ਦਾ।
ਉਸਦੀ ਰੀਝ ਸੀ
ਕੰਢਿਆਂ ਤੋਂ ਉਪਰ ਦੀ ਵਗਦੀ
ਡੁੱਲ ਡੁੱਲ ਪੈਂਦੀ ਜ਼ਿੰਦਗੀ ਜਿਊਣ ਦੀ
ਪੱਤਝੜ ਦੀ ਰੁਤੇ
ਬਿਰਖਾਂ ਉਤੇ ਪੀਲੇ ਪੱਤੇ ਝੜਦੇ ਵੇਖਦਾ
ਉਹ ਕਦੀ ਉਦਾਸ ਨਾ ਹੁੰਦਾ
ਹੱਸ ਕੇ ਕਹਿੰਦਾ—
ਸ਼ੀਘਰ ਹੀ ਆ ਜਾਣਗੇ
ਨਵੇਂ ਕੂਲੇ ਪੱਤੇ।
ਅਜ ਜਦੋਂ ਉਹ ਤੁਰ ਗਿਆ ਹੈ
ਹਰੀਆਂ ਭਰੀਆਂ ਲਗਰਾਂ ਦੀ ਰੁਤੇ
ਅਸੀਂ ਬੜੇ ਉਦਾਸ ਹਾਂ।

(ਪੁਸਤਕ 'ਕਾਲੇ ਸਮਿਆਂ ਦੇ ਨਾਲ ਨਾਲ' ਵਿਚੋਂ)

---

o ਪਹਿਲਾ ਕੰਮ ਪਹਿਲੇ ਕਰੋ o ਇਨਕਲਾਬੀ ਸਿਆਸਤ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ
o ਇਨਕਲਾਬ ਦਾ ਸੁਨੇਹਾ ਘਰ ਘਰ ਪੁਚਾਣ ਲਈ o ਇਨਕਲਾਬ ਨੂੰ ਇਕ ਜਨਤਕ ਲਹਿਰ ਬਣਾਉਣ ਲਈ

**ਇਨਕਲਾਬੀ ਕੇਂਦਰ ਪੰਜਾਬ ਦੇ ਮੈਂਬਰ ਬਣੋ ਮੈਂਬਰਸ਼ਿਪ ਫੀਸ (ਇਕ ਸਾਲ ਲਈ) 5 ਰੁਪਏ**

ਇਸ ਮੈਂਬਰਸ਼ਿਪ ਦੀ ਬਿਨਾ ਤੇ ਇਲਾਕਾ ਕਮੇਟੀਆਂ, ਜ਼ਿਲਾ ਕਮੇਟੀਆਂ ਤੇ ਉਨ੍ਹਾਂ ਤੋਂ ਚੁਣੀ ਹੋਈ ਇਕ ਸੂਬਾ ਕਮੇਟੀ ਬਣੇਗੀ

**24 ਜਨਵਰੀ, 1988 ਦੇਸ਼ ਭਗਤ ਹਾਲ ਜਲੰਧਰ ਵਿਖੇ ਸਾਲਾਨਾ ਕਾਨਫਰੰਸ ਹੋਵੇਗੀ।**

ਫੌਰੀ ਉਲੀਕੇ ਗਏ ਕੰਮ : ★ ਭਖਦੇ ਮਸਲਿਆਂ ਤੇ ਸੈਮੀਨਾਰ ★ ਇਨਕਲਾਬੀ ਸਭਿਆਚਾਰਕ ਪ੍ਰੋਗਰਾਮ
★ ਇਨਕਲਾਬੀ ਪੈਂਫਲਿਟਾਂ ਰਾਹੀਂ ਪ੍ਰਚਾਰ ★ ਇਨਕਲਾਬੀ ਕਾਨਫਰੰਸਾਂ ਕਰਵਾਉਣੀਆਂ

ਸੰਪਰਕ ਲਈ : ਇਨਕਲਾਬੀ ਕੇਂਦਰ, ਪੰਜਾਬ, ਗੁਰੂ ਖਾਲਸਾ ਨਿਵਾਸ
ਨਜ਼ਦੀਕ ਗੰਗਾ ਬਿਲਡਿੰਗ, ਡਾਕਖਾਨਾ ਖਾਲਸਾ ਕਾਲਜ, ਅਮ੍ਰਿਤਸਰ

---

ਇਨਕਲਾਬੀ ਕੇਂਦਰ ਪੰਜਾਬ ਅਕਤੂਬਰ ਮਹੀਨੇ ਵਿਚ ਪੰਜਾਬ ਮਸਲੇ ਉਤੇ ਸੈਮੀਨਾਰ ਅਯੋਜਿਤ ਕਰ ਰਿਹਾ ਹੈ

17 ਅਕਤੂਬਰ ਸ਼ਨੀਵਾਰ ਅੰਮ੍ਰਿਤਸਰ o 25 ਅਕਤੂਬਰ ਐਤਵਾਰ ਲੁਧਿਆਣਾ ਪੰਜਾਬੀ ਭਵਨ ਵਿਖੇ
31 ਅਕਤੂਬਰ ਸ਼ਨੀਵਾਰ ਬਠਿੰਡਾ ਟੀਚਰ ਹੋਮ o 1 ਨਵੰਬਰ ਐਤਵਾਰ ਸੰਗਰੂਰ o ਸਾਰੇ ਸੈਮੀਨਾਰਾਂ ਦਾ ਸਮਾਂ 11—3 ਵਜੇ ਦਰਮਿਆਨ ਦਾ ਹੋਵੇਗਾ o ਸਾਰੇ ਸਾਥੀਆਂ ਨੂੰ ਅਪੀਲ ਹੈ ਕਿ ਉਹ ਇਨ੍ਹਾਂ ਸੈਮੀਨਾਰਾਂ ਨੂੰ ਕਾਮਯਾਬ ਕਰਨ ਲਈ ਜੁੱਟ ਜਾਣ।

ਸੂਬਾ ਕਮੇਟੀ ਇਨਕਲਾਬੀ ਕੇਂਦਰ

8 ਨਵੰਬਰ ਐਤਵਾਰ ਨੂੰ ਮਾਨਸਾ ਸ਼ਹਿਰ ਵਿਚ ਇਨਕਲਾਬੀ ਕੇਂਦਰ ਪੰਜਾਬ ਦੀ ਸੂਬਾਈ ਸਥਾਪਨਾ ਕਾਨਫਰੰਸ ਹੋਵੇਗੀ ਵੱਧ ਚੜ੍ਹ ਕੇ ਸਾਰੇ ਸਾਥੀਆਂ ਨੂੰ ਪਹੁੰਚਣ ਦਾ ਸੱਦਾ ਹੈ।